ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848 +91 98146-12006 +91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ (ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576 +1 778-207-8100
EAGLE EYE
PICK & DROP CAR RENTALS & TAXI SERVICE 24 HOURS DELHI AIRPORT SERVICE

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Ottawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynnwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 01 Ending Date: Jan 2, 2026

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100

# ਕੈਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੋਸਾਇਟੀ ਵੱਲੋਂ ਸਲਾਨਾ ਸ਼ਹੀਦੀ ਸਮਾਗਮ ਯਾਦਗਾਰੀ ਹੋ ਨਿੱਬੜਿਆ





ਸਰੀ:ਗੁਰੂ ਤੇਗ ਬਹਾਦਰ ਜੀ, ਚਾਰਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਅਤੇ ਅੱਜ ਤੱਕ ਦੇ ਸਮੂੰਹ ਸ਼ਹੀਦਾਂ ਜਿਨਾ ਨੇ ਮਨੁੱਖਤਾ, ਧਰਮ ਅਤੇ ਸਿੱਖ ਕੌਮ ਦੇ ਹਿਤਾਂ ਖਾਤਿਰ ਸ਼ਹੀਦੀਆਂ ਦਿੱਤੀਆਂ ਅਤੇ ਪ੍ਰੀਵਾਰ ਵਾਰ ਦਿੱਤੇ ਉਨ੍ਹਾਂ ਦੀ ਯਾਦ ਵਿੱਚ 20 ਦਸੰਬਰ ਦਿਨ ਸ਼ਨੀਵਾਰ ਨੂੰ ਗਰੈਂਡ ਬੈਕਿਉਟ ਹਾਲ ਸਰੀ ਵਿੱਚ ਬਹੁਤ ਹੀ ਪ੍ਰਭਾਵ ਸ਼ਾਲੀ ਸਮਾਗਮ ਕੀਤਾ ਗਿਆ।

ਇਸ ਸਮੇ ਸਿੱਖ ਵਿਦਵਾਨਾਂ ਨੇ ਸ਼ਹਾਦਤ ਦੇ ਸੰਕਲਪ ਤੇ ਬਹੁਤ ਵਧੀਆ ਜਾਣਕਾਰੀ ਦਿੱਤੀ।

ਭਾਈ ਗੁਰਸ਼ਰਨ ਸਿੰਘ,ਬੀਬੀ ਜਸਬੀਰ ਕੌਰ ਖਾਲਸਾ ਅਤੇ ਗਿਆਨੀ ਸ਼ਿਵਤੇਗ ਸਿੰਘ ਜੀ ਨੇ ਚੁਣਵੇਂ ਸ਼ਬਦਾਂ ਰਾਹੀਂ ਸਿੱਖ ਕੌਮ ਦੇ ਦਿਲਾਂ ਨੂੰ ਟੁੰਬਿਆ।

ਸਿੱਖ ਕੌਮ ਨੂੰ ਚੜ੍ਹਦੀ ਕਲਾ ਵੱਲ ਲੈ ਜਾਣ ਵਾਲੇ ਵੀਚਾਰਾਂ ਦੀ ਸਾਂਝ ਪਾਈ। ਜਿਨ੍ਹਾਂ ਨੂੰ ਸੰਗਤਾਂ ਬਹੁਤ ਧਿਆਨ ਨਾਲ ਸੁਣਿਆ ਅਤੇ ਸਲਾਹਿਆ।

ਡਾ.ਜਗਜੀਤ ਸਿੰਘ ਜੀ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਦਿਲਾਂ ਦੀ ਸਾਂਝ ਵਾਲੇ ਕੁਲਦੀਪ ਸਿੰਘ ਨੇ ਵੀ ਸੰਗਤਾਂ ਨਾਲ ਸਾਂਝ ਬਣਾਈ। ਸਟੇਜ਼ ਦੀ ਸੇਵਾ ਭਾਈ ਜਸਵਿੰਦਰ ਸਿੰਘ ਦੁੱਬਈ ਨੇ ਬਹੁਤ ਹੀ ਸਚੁੱਜੇ ਢੰਗ ਨਾਲ ਨਿਭਾਈ।

## ਵਿਸ਼ਵ ਭਰ ‘ਚ ਇੱਕ ਸਾਲ ਲਈ ਕਬੱਡੀ ਟੂਰਨਾਮੈਂਟ ਕੀਤੇ ਗਏ ਮੁਲਤਵੀ

ਲੰਡਨ:ਵਿਸ਼ਵ ਭਰ ਦੀਆਂ ਕਬੱਡੀ ਫੇਡਰੇਸ਼ਨਾਂ ਵੱਲੋਂ ਲੰਡਨ ਵਿੱਚ ਫੈਡਰੇਸ਼ਨ ਆਫ ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨ ਐਂਡ ਐਸੋਸੀਏਸ਼ਨਜ਼ ਦਾ ਗਠਨ ਕੀਤਾ ਗਿਆ। ਦੋ ਦਿਨਾਂ ਮੀਟਿੰਗ ਵਿੱਚ ਇੰਗਲੈਂਡ, ਕੈਨੇਡਾ, ਅਮਰੀਕਾ, ਯੂਰਪ ਦੀਆਂ ਕਬੱਡੀ ਫੈਡਰੇਸ਼ਨਾਂ ਦੇ ਨੁਮਾਇੰਦੇ ਹਾਜ਼ਰ ਹੋਏ ਜਦਕਿ ਪੰਜਾਬ, ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਹੋਰ ਮੁਲਕਾਂ ਤੋਂ ਵੀਡੀਓ ਕਾਨਫਰੰਸ ਰਾਹੀਂ ਹਿੱਸਾ ਲਿਆ ਗਿਆ। ਇਸ ਮੌਕੇ ਸਰਬ ਸੰਮਤੀ ਨਾਲ ਵਿਦੇਸ਼ਾਂ ਵਿੱਚ ਇੱਕ ਸਾਲ ਲਈ ਜਨਵਰੀ ਤੋਂ ਅਤੇ ਪੰਜਾਬ ਵਿੱਚ ਅਪ੍ਰੈਲ ਤੋਂ ਦਸੰਬਰ 2026 ਤੱਕ ਕਬੱਡੀ ਟੂਰਨਾਮੈਂਟ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya Mortgage Specialist
604.760.9172
# 384-8148 128 St, Surrey (Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ 6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560
(ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

J&J FRESH LOOK HOMES LTD..
Pacific Home Warranty
ਫਰੇਮਿੰਗ ਦੇ ਕਈ ਸਾਲਾਂ ਦੇ ਤਰਜਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management *Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS • TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ » ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars • Auto Glass Replacement • Free Estimates
Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305

FARM AND SPICE

# FARM AND SPICE

## Weekly Special

*Special Sampling in Certain Stores*

## Dec 26 – Jan 01



ਅਦਰਕ
Ginger
Per lb
$1.49



ਅਨਾਰ
Pomegranate
each
$1.99



ਨਿੰਬੂ
Limes
4 for
$0.99



ਕੀਵੀ
Kiwi
1 lb 5 Pcs
$2.99



ਰੁਸੇਟ ਆਲੂ
Russet Potato
10 Lbs
$3.99



ਲੌਕੀ
Opo Long
Per lb
$1.49



ਸੰਤਰੇ
Large Orange
Per lb
$0.99



ਹਰੀ ਇਲਾਇਚੀ
Green Cardamom Bulk
Per lb
$32.99



ਸ਼ੇਰ ਬੇਸਨ / ਮਕੀ ਆਟਾ
Sher Besan / Makki Da Atta
4 Lbs
$4.99



ਹਾਂਡੀ ਫੂਲ ਮਖਾਣਾ
Handi Phool Makhana
400 gms
$14.99



ਅੰਬੇ ਬਾਸਮਤੀ
Ambay Everyday Basmati Rice
8 Lbs
$6.99



ਵੇਰਕਾ ਪਨੀਰ
Verka Fresh Paneer
300 gms
$3.99



ਬਾਜ਼ ਆਟਾ
Baaz Atta
20 Lbs
$10.99



ਅੰਬੇ ਸੂਜੀ / ਦੁਦ / ਗੁੜ ਰਸ
Ambay Suji / Milk / Gur Rusk
350 gms
$1.99



ਸ਼ੇਰ ਸ਼ੂਗਰ
Sher White Sugar
8 Lbs
$7.99



ਇੰਡੀਅਨ ਭੁੰਨਿਆ ਮੂੰਗਫਲੀ
Indian Roasted Peanuts Bulk
Per lb
$3.99

*while supply last

Open 7 Days a Week
8:30 am to 10:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਗੁਰਦੁਆਰਾ ਸਾਹਿਬ ਬਰੁੱਕਸਾਈਡ

**8365-140 St Surrey BC Ph: 604-502-0602 www.ramgarhiabc.ca**

## ਗੁਰਦੁਆਰਾ ਸਾਹਿਬ ਬਰੁੱਕਸਾਈਡ ਅਤੇ ਇਸ ਦੀ ਸਰਪ੍ਰਸਤ ਕਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਸਾਲ ਦੀ ਲੱਖ-ਲੱਖ ਵਧਾਈ ਹੋਵੇ ਜੀ।




ਨਵੇਂ ਸਾਲ ਦੀ ਆਮਦ ਤੇ 31 ਦਸੰਬਰ ਦਿਨ ਬੁੱਧਵਾਰ ਨੂੰ ਸ਼ਾਮ 4 ਵਜੇ ਤੋਂ ਲੈ ਕੇ ਸਵੇਰ ਦੇ 12:15 ਵਜੇ ਤੱਕ ਦੀਵਾਨ ਸਜਣਗੇ ਅਤੇ 1 ਜਨਵਰੀ 2026 ਦਿਨ ਵੀਰਵਾਰ ਨੂੰ ਨਵੇਂ ਸਾਲ ਦੀ ਖੁਸ਼ੀ ਵਿੱਚ ਸਾਰਾ ਦਿਨ ਦੀਵਾਨ ਸਜਣਗੇ। ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹੁੰਮ ਹੁਮਾ ਕੇ ਪਹੁੰਚੋ ਜੀ।

**4 ਜਨਵਰੀ ਦਿਨ ਐਤਵਾਰ ਸਵੇਰੇ 10:30 ਵਜੇ ਕਵੀ ਦਰਬਾਰ ਹੋਵੇਗਾ**

## ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀ ਫੋਨ ਨੰਬਰ 604-502-0602

www.deltondentures.com

## DELTON DENTURE CLINIC LTD.

Denturists Are Denture Specialist

**ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ**

**"We accept CANADIAN DENTAL CARE PLAN for Dentures"**

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

**WE ARE DENTURISTS**




Business Category Denturist

**ਅਸੀਂ ਜੁਬਾੜੇ ਬਣਾਉਂਦੇ ਹਾਂ**

*Get a Beautiful Smile*





**Chris Kozakiewicz**

**BSc., R.D.**

Mon-Fri: 9am-5pm, Saturdays By Appointment

**Scott 72 Shopping Centre**

**#209- 7313-120th St., Delta ( Above London Drugs & Staples )**

# 604.590.1111

## ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

**ਅਤੇ ਵਿਦੇਸ਼ ਵਿੱਚ ਬੈਠਿਆਂ ਹੀ ਉਸਦਾ ਹੱਲ ਲੱਭਣਾ ਹੋਵੇ**

**ਜਾਂ ਇੰਡੀਆ ਵਿੱਚ ਆਪਣੀ ਜ਼ਮੀਨ ਵੇਚਣੀ ਹੋਵੇ ਤਾਂ**

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

**ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)**

ਨੂੰ ਫੋਨ ਕਰੋ: **ਕਨੇਡਾ:604-518-3637(ਵਟਸਐਪ)**


**ਇੰਡੀਆ:91-81467-00026(ਵਟਸਐਪ)**

ਜਾਂ ਈਮੇਲ ਕਰੋ hssandhupcs@gmail.com



## FOR ALL DENTAL NEEDS

**Of Your Family & Friends**



Dr. Inderpreet Sandhu
DDS

## CLOVERDALE VILLAGE DENTAL

**Services Provided**

· Dental Exams/X-rays · Extractions/Oral Surgery · Cleaning & Polishing · Root Canal Treatment · Dentures & Mouth Guards · Dental Fillings · Teeth Whitening · Crowns & Bridges

# Ph:604-579-0102

5635 - 176A Street, Surrey, BC (across the street from Cloverdale Library)

Cloverdalevillagedental@gmail.com

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ 24 ਦਸੰਬਰ ਦਿਨ ਬੁੱਧਵਾਰ ਸਵੇਰੇ 6 ਵਜੇ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ ਅਤੇ 26 ਦਸੰਬਰ ਸ਼ੁੱਕਰਵਾਰ ਸਵੇਰੇ 9 ਵਜੇ ਭੋਗ ਪੈਣਗੇ।

*25 ਦਸੰਬਰ ਦਿਨ ਵੀਰਵਾਰ ਦਸਤਾਰ ਤੇ ਦੁਮਾਲਾ ਮੁਕਾਬਲੇ ਹੋਣਗੇ।

*25 ਦਸੰਬਰ ਵੀਰਵਾਰ ਭਾਈ ਰਛਪਾਲ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*26 ਦਸੰਬਰ ਦਿਨ ਸ਼ੁੱਕਰਵਾਰ 6 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ:
(1)ਭਾਈ ਅਮਨਦੀਪ ਸਿੰਘ ਜੀ 2) ਭਾਈ ਅਮਰਦੀਪ ਸਿੰਘ ਜੀ (3)ਭਾਈ ਚਰਨ ਸਿੰਘ ਵਿਰਕ (4) ਭਾਈ ਗੁਰਦੇਵ ਸਿੰਘ ਜੀ
(5) ਬੀਬੀ ਹਰਪ੍ਰੀਤ ਕੌਰ ਜੀ (6) ਬੀਬੀ ਹਰਪ੍ਰੀਤ ਕੋਰ ਜੀ

*27 ਦਸੰਬਰ ਦਿਨ ਸ਼ਨਿੱਚਰਵਾਰ ਅਨੰਦ ਕਾਰਜ ਭਾਈ ਸਤਵੰਤ ਸਿੰਘ ਜੀ

*27 ਦਸੰਬਰ ਦਿਨ ਸ਼ਨਿੱਚਰਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ:(1) ਭਾਈ ਇਕਬਾਲ ਸਿੰਘ ਗਿੱਲ (2) ਭਾਈ ਲਖਵੀਰ ਸਿੰਘ

*27 ਦਸੰਬਰ ਦਿਨ ਸ਼ਨਿੱਚਰਵਾਰ ਫਿਊਨਰਲ 11:00 ਵਜੇ ਬੀਬੀ ਮਹਿੰਦਰ ਕੌਰ, ਅੰਤਿਮ ਅਰਦਾਸ 1 ਵਜੇ ਹੋਵੇਗੀ।

*28 ਦਸੰਬਰ ਦਿਨ ਐਤਵਾਰ 5 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ:
(1)ਬੀਬੀ ਪਵਨੀਤ ਕੌਰ (2)ਭਾਈ ਦਿਲਬਾਗ ਸਿੰਘ ਸਿੱਧੂ (3)ਭਾਈ ਮਲਕੀਤ ਸਿੰਘ (4)ਭਾਈ ਬਿਕਰਮਜੀਤ ਸਿੰਘ(5)ਬੀਬੀ ਰਾਜਵਿੰਦਰ ਕੌਰ

*28 ਦਸੰਬਰ ਦਿਨ ਐਤਵਾਰ ਫਿਊਨਰਲ 2 ਵਜੇ ਬੀ:ਹਰਵੰਤ ਕੌਰ, ਅੰਤਿਮ ਅਰਦਾਸ 4 ਵਜੇ ਹੋਵੇਗੀ

*28 ਦਸੰਬਰ ਦਿਨ ਐਤਵਾਰ ਭੋਗ ਸਹਿਜ ਪਾਠ ਬੀਬੀ ਗੁਰਮੇਲ ਕੌਰ ਪਰਿਵਾਰ ਵੱਲੋਂ।

ਸਾਧ ਸੰਗਤ ਜੀ ਪੰਜਾਬ ਵਿੱਚ ਹੜਾਂ ਦੀ ਮਾਰ ਕਾਰਣ ਫਸਲਾਂ ਤੇ ਮਾਲ ਡੰਗਰ ਪਾਣੀ ਵਿੱਚ ਵਹਿ ਗਏ, ਘਰ ਢਹਿ ਗਏ, ਲੋਕ ਬੇਘਰ ਹੋ ਗਏ। ਹੜਾਂ ਦੀ ਮਾਰ ਵਿੱਚ ਆਏ ਲੋਕਾਂ ਦੀ ਸਹਾਇਤਾ ਲਈ ਵੱਧ ਤੋਂ ਵੱਧ ਆਪਣੀ ਕਿਰਤ ਵਿਚੋਂ ਮਾਇਆ ਰਾਹੀਂ ਸਹਿਯੋਗ ਪਾਓ।

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

# ਅਮਰੀਕੀ ਨਿਆਂ ਮੰਤਰਾਲੇ ਨੇ ਅਧੂਰੇ ਦਸਤਾਵੇਜ਼ਾਂ ਨਾਲ ਨਸ਼ਰ ਕੀਤੀਆਂ ਐਪਸਟੀਨ ਫਾਈਲਾਂ

## ਦਸਤਾਵੇਜ਼ਾਂ ਦਾ ਖ਼ੁਲਾਸਾ ਅਧੂਰਾ:ਅਮਰੀਕੀ ਨਿਆਂ ਮੰਤਰਾਲਾ




ਵਾਸ਼ਿੰਗਟਨ- ਦੁਨੀਆ ਦੀਆਂ ਨਾਮੀ ਹਸਤੀਆਂ ਨਾਲ ਜੁੜੀਆਂ ਹਜ਼ਾਰਾਂ ਐਪਸਟੀਨ ਫਾਈਲਾਂ ਅਮਰੀਕੀ ਨਿਆਂ ਮੰਤਰਾਲੇ ਨੇ ਨਸ਼ਰ ਕੀਤੀਆਂ ਹਨ ਪਰ ਅਧੂਰੇ ਦਸਤਾਵੇਜ਼ਾਂ ਕਾਰਨ ਜਿਨਸੀ ਸ਼ੋਸ਼ਣ ਦੇ ਦੋਸ਼ੀ ਜੈਫਰੀ ਐਪਸਟੀਨ ਨਾਲ ਉਨ੍ਹਾਂ ਦੇ ਸਬੰਧਾਂ ਨੂੰ ਲੈ ਕੇ ਕੋਈ ਵੱਡੀ ਜਾਣਕਾਰੀ ਸਾਹਮਣੇ ਨਹੀਂ ਆਈ ਹੈ।ਫਾਈਲਾਂ 'ਚ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਕੁਝ ਹੀ ਤਸਵੀਰਾਂ ਸ਼ਾਮਲ ਹਨ, ਜਿਸ ਨਾਲ ਵ੍ਹਾਈਟ ਹਾਊਸ ਨੂੰ ਰਾਹਤ ਮਿਲੀ ਹੈ। ਇਨ੍ਹਾਂ 'ਚ ਉਨ੍ਹਾਂ ਦੀ ਐਪਸਟੀਨ ਅਤੇ ਮੇਲਾਨੀਆ ਨਾਲ ਤਸਵੀਰ ਵੀ ਸ਼ਾਮਲ ਹੈ।ਨਸ਼ਰ ਕੀਤੇ ਗਏ ਦਸਤਾਵੇਜ਼ਾਂ 'ਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ, ਪੌਪ ਸਟਾਰ ਮਾਈਕਲ ਜੈਕਸਨ, ਬਰਤਾਨਵੀ ਸਮਾਜ ਸੁਧਾਰਕ ਗ਼ਿਸਲੇਨ ਮੈਕਸਵੈੱਲ ਅਤੇ ਹੋਰਾਂ ਦੀਆਂ ਕੁਝ ਅਜਿਹੀਆਂ ਤਸਵੀਰਾਂ ਸ਼ਾਮਲ ਹਨ, ਜੋ ਪਹਿਲਾਂ ਕਦੇ ਨਹੀਂ ਦੇਖੀਆਂ ਗਈਆਂ।ਦਸਤਾਵੇਜ਼ਾਂ 'ਚ ਕਲਿੰਟਨ ਦੀ ਇਕ ਧੁੰਦਲੀ ਤਸਵੀਰ ਵੀ ਸ਼ਾਮਲ ਹੈ, ਜਿਸ 'ਚ ਉਹ 'ਬਾਥ ਟਬ' 'ਚ ਨਜ਼ਰ ਆ ਰਹੇ ਹਨ।

# ਕੈਨੇਡਾ ਨੇ 18 ਹਜ਼ਾਰ ਲੋਕਾਂ ਨੂੰ ਡਿਪੋਰਟ ਕਰਨ 'ਤੇ ਖ਼ਰਚੇ 78 ਮਿਲੀਅਨ ਡਾਲਰ

ਟੋਰਾਂਟੋ- ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਤੋਂ ਪ੍ਰਾਪਤ ਅੰਕੜਿਆਂ ਅਨੁਸਾਰ, ਕੈਨੇਡਾ ਸਰਕਾਰ ਨੇ 2024-25 ਵਿੱਤੀ ਸਾਲ ਵਿਚ 18,000 ਤੋਂ ਵੱਧ ਲੋਕਾਂ ਨੂੰ ਡਿਪੋਰਟ ਕਰਨ ਲਈ 78 ਮਿਲੀਅਨ ਡਾਲਰ ਤੋਂ ਵੱਧ ਰਕਮ ਖ਼ਰਚ ਕੀਤੀ, ਜੋ ਕਿ ਸਟੀਫਨ ਹਾਰਪਰ ਦੀ ਸਰਕਾਰ ਦੇ ਕਾਰਜਕਾਲ ਤੋਂ ਬਾਅਦ ਸਭ ਤੋਂ ਵੱਧ ਖ਼ਰਚ ਹੈ। ਅੰਕੜਿਆਂ ਅਨੁਸਾਰ, ਡਿਪੋਰਟ ਕੀਤੇ ਗਏ ਜ਼ਿਆਦਾਤਰ ਸ਼ਰਣ ਮੰਗਣ ਵਾਲੇ ਲੋਕ ਸ਼ਰਨਾਰਥੀ ਸਨ, ਜਿਨ੍ਹਾਂ ਦੇ ਸ਼ਰਣ ਦੇ ਦਾਅਵੇ ਕੈਨੇਡਾ ਸਰਕਾਰ ਵਲੋਂ ਰੱਦ ਕਰ ਦਿੱਤੇ ਗਏ ਸਨ।ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਅੰਕੜਿਆਂ ਅਨੁਸਾਰ, 2024-25 ਵਿਚ 18,000 ਤੋਂ ਵੱਧ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਇਸ ਪ੍ਰਕਿਰਿਆ 'ਤੇ 78 ਮਿਲੀਅਨ ਡਾਲਰ ਤੋਂ ਵੱਧ ਖ਼ਰਚ ਹੋਇਆ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਉਹ ਸਨ, ਜਿਨ੍ਹਾਂ ਦੇ ਸ਼ਰਨਾਰਥੀ ਦਾਅਵਿਆਂ ਨੂੰ ਰੱਦ ਕਰ ਦਿੱਤਾ ਗਿਆ ਸੀ। ਇਹ ਵਾਧਾ ਉਸ ਸਮੇਂ ਹੋਇਆ ਹੈ, ਜਦੋਂ ਕੈਨੇਡੀਅਨ ਸਰਕਾਰ ਇਮੀਗ੍ਰੇਸ਼ਨ ਟੀਚਿਆਂ ਨੂੰ ਸਖ਼ਤ ਕਰ ਰਹੀ ਹੈ ਅਤੇ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟਾਂ ਨੂੰ ਸੀਮਤ ਕਰ ਰਹੀ ਹੈ, ਜਿਸ ਨਾਲ ਦੇਸ਼ ਨਿਕਾਲੇ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ।

# ਐਬਟਸਫੋਰਡ 'ਚ ਗੋਲੀਆਂ ਚਲਾਉਣ ਵਾਲਾ ਸ਼ੱਕੀ ਹਮਲਾਵਰ ਕਾਬੂ



ਐਬਟਸਫੋਰਡ- ਐਬਟਸਫੋਰਡ ਦੇ ਇੱਕ ਕਾਰੋਬਾਰ 'ਤੇ ਗੋਲੀਆਂ ਚਲਾ ਕੇ ਭੱਜੇ ਸ਼ੱਕੀ ਹਮਲਾਵਰ ਨੂੰ ਐਬਟਸਫੋਰਡ ਪੁਲਿਸ ਨੇ ਦਬੋਚ ਲਿਆ, ਜਿਸਦੀ ਪਛਾਣ 22 ਸਾਲਾ ਗੁਰਸੇਵਕ ਸਿੰਘ ਵਜੋਂ ਹੋਈ ਹੈ।ਉਸ 'ਤੇ ਗੋਲੀ ਚਲਾਉਣ ਦੇ ਚਾਰਜ ਲਾ ਦਿੱਤੇ ਗਏ ਹਨ। 23 ਦਸੰਬਰ ਨੂੰ ਗੁਰਸੇਵਕ ਦੀ ਜ਼ਮਾਨਤ ਵਾਸਤੇ ਸੁਣਵਾਈ ਹੋਵੇਗੀ, ਓਨਾ ਚਿਰ ਅੰਦਰ ਹੀ ਰਹੇਗਾ।ਸ਼ੱਕੀ ਦੋਸ਼ੀ ਦੀ ਤਸਵੀਰ ਜਨਤਕ ਕਰਨ ਦਾ ਮਕਸਦ ਉਸਦੇ ਸਾਥੀਆਂ ਦੀ ਪਛਾਣ ਕਰਨਾ ਅਤੇ ਭਾਈਚਾਰੇ ਤੋਂ ਉਸ ਬਾਰੇ ਹੋਰ ਜਾਣਕਾਰੀ ਹਾਸਲ ਕਰਨਾ ਦੱਸਿਆ ਗਿਆ ਹੈ। ਸੰਭਵ ਹੈ ਕਿ ਹੋਰ ਗਵਾਹ, ਪੀੜਤ ਜਾਂ ਉਸਨੂੰ ਜਾਣਦੇ ਲੋਕ ਅੱਗੇ ਆ ਕੇ ਗੁਰਸੇਵਕ ਦੀਆਂ ਸਰਗਰਮੀਆਂ ਨਾਲ ਸੰਬੰਧਿਤ ਮਹੱਤਵਪੂਰਨ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ।













# ਅੰਮ੍ਰਿਤਧਾਰੀ ਨੌਜਵਾਨ ਨੇ ਰਾਜ ਘਰਾਣੇ ਦੇ ਨਾਂ ਤੇ ਹਲਫ਼ ਲੈਣ ਦੀ ਰਵਾਇਤ ਬਦਲਵਾਈ

ਕੈਲਗਰੀ:-ਪੰਜਾਬ ਦੇ ਸ੍ਰੀ ਮੁਕਤਸਰ ਜ਼ਿਲ੍ਹੇ ਦੇ ਪਿਛੋਕੜ ਵਾਲੇ ਅੰਮ੍ਰਿਤਧਾਰੀ ਨੌਜਵਾਨ ਪ੍ਰਭਜੋਤ ਸਿੰਘ ਵੜਿੰਗ ਨੇ ਤਿੰਨ ਸਾਲਾਂ ਦੀ ਕਨੂੰਨੀ ਲੜਾਈ ਲੜ ਕੇ ਕੈਨੇਡਾ 'ਚ ਸਦੀਆਂ ਤੋਂ ਚਲੀ ਆ ਰਹੀ ਬ੍ਰਿਟਿਸ਼ ਰਾਜ ਘਰਾਣੇ ਦੇ ਨਾਂਅ 'ਤੇ ਸਹੁੰ ਚੁਕਣ ਦੀ ਪ੍ਰਥਾ ਨੂੰ ਅਲਬਰਟਾ ਵਿੱਚ ਬਦਲਵਾ ਲਿਆ ਹੈ। ਬੇਸ਼ੱਕ ਪੇਸ਼ੇਵਰ ਵਕਾਲਤ ਲਈ ਉਸ ਨੂੰ ਦੋ ਹਲਫ਼ ਹੋਰ ਲੈਣੇ ਪੈਣਗੇ, ਪਰ ਉੱਥੇ ਰਾਜ ਘਰਾਣੇ ਦੇ ਨਾਂਅ ਦੀ ਥਾਂ ਪੇਸ਼ੇ ਦੀ ਪਵਿੱਤਰਤਾ ਪ੍ਰਤੀ ਇੱਕ ਵਚਨਬੱਧਤਾ ਹੁੰਦੀ ਹੈ। ਅਦਾਲਤ ਨੇ ਕਿਹਾ ਕਿ ਰਾਜ ਘਰਾਣੇ ਪ੍ਰਤੀ ਵਫਾਦਾਰੀ ਦਾ ਹਲਫ਼ ਵਿਅਕਤੀਗਤ ਧਾਰਮਿਕ ਆਜ਼ਾਦੀ ਵਿੱਚ ਸਿੱਧਾ ਦਖਲ ਅਤੇ ਉਲੰਘਣਾ ਦੇ ਨਾਲ ਨਾਲ ਗੈਰ-ਸੰਵਿਧਾਨਕ ਵੀ ਹੈ।ਪ੍ਰਭਜੋਤ ਸਿੰਘ ਵੜਿੰਗ ਦੀ ਲੜਾਈ ਉਦੋਂ ਸ਼ੁਰੂ ਹੋਈ ਜਦ 2022 ਵਿੱਚ ਉਸ ਨੇ ਵਕਾਲਤ ਪਾਸ ਕੀਤੀ ਅਤੇ ਲਾਇਸੰਸ ਲਈ ਉਸ ਨੂੰ ਕਿੰਗ ਚਾਰਲਜ ਦੇ ਨਾਂਅ 'ਤੇ ਸਹੁੰ ਚੁੱਕਣ ਲਈ ਕਿਹਾ ਗਿਆ। ਪ੍ਰਭਜੋਤ ਸਿੰਘ ਨੇ ਇਸ 'ਤੇ ਕੇ ਇਤਰਾਜ ਕੀਤਾ ਕਿ ਧਾਰਮਿਕ ਤੌਰ ਤੇ ਉਹ ਆਪਣੇ ਗੁਰੂਆਂ ਪ੍ਰਤੀ ਆਸਥਾ ਰੱਖਦਾ ਹੋਣ ਕਰਕੇ ਹੋਰ ਕਿਸੇ ਦੇ ਨਾਂਅ ਤੇ ਸਹੁੰ ਨਹੀਂ ਚੁੱਕ ਸਕਦਾ।ਉਸ ਨੇ ਮਾਮਲੇ ਨੂੰ ਸਥਾਨਕ ਅਦਾਲਤ ਫ਼ਰਸਤੋਂਚ ਚੁਣੌਤੀ ਦਿੱਤੀ, ਜਿਸਨੂੰ ਅਦਾਲਤ ਨੇ ਅਕਤੂਬਰ 2023 'ਚ ਰੱਦ ਕਰ ਦਿੱਤਾ।ਉਸ ਨੇ ਫੈਸਲੇ ਵਿਰੁੱਧ ਸੂਬੇ ਦੀ ਸਰਬ ਉੱਚ ਅਦਾਲਤ 'ਚ ਅਪੀਲ ਕੀਤੀ ਅਤੇ ਲੰਘੇ ਹਫਤੇ ਬੈਂਚ ਨੇ ਇਸ ਸ਼ਰਤ ਨੂੰ ਗੈਰ-ਸੰਵਿਧਾਨਕ ਅਤੇ ਅਣਲੋੜੀਂਦਾ ਮੰਨਦੇ ਹੋਏ ਅਪੀਲ ਪ੍ਰਵਾਨ ਕਰ ਲਈ।ਪ੍ਰਭਜੋਤ ਸਿੰਘ ਦੀ ਇਸ ਕਨੂੰਨੀ ਲੜਾਈ ਦੀ ਪੰਜਾਬੀ ਭਾਈਚਾਰੇ ਵਲੋਂ ਕੀਤੀ ਜਾ ਰਹੀ ਪ੍ਰਸੰਸਾ ਦੇ ਨਾਲ ਨਾਲ ਕਈ ਹੋਰ ਭਾਈਚਾਰਿਆਂ ਵਲੋਂ ਵੀ ਸਰਾਹਿਆ ਜਾ ਰਿਹਾ ਹੈ।ਹੁਣ ਉਸਨੂੰ ਪੇਸ਼ੇਵਰ ਵਕਾਲਤ ਪ੍ਰਤੀ ਵਚਨਬੱਧਤਾ ਦਾ ਹਲਫ਼ ਤਾਂ ਲੈਣਾ ਪਵੇਗਾ, ਪਰ ਉੱਥੇ ਉਕਤ ਸ਼ਰਤ ਨਹੀਂ ਹੈ। ਕੁਝ ਹੋਰ ਸੂਬਿਆਂ ਵਿੱਚ ਰਾਜੇ ਦੇ ਨਾਂਅ ਵਾਲੀ ਸ਼ਰਤ ਕੁਝ ਸਾਲ ਪਹਿਲਾਂ ਖਤਮ ਕਰ ਦਿੱਤੀ ਗਈ ਸੀ, ਪਰ ਅਲਬਰਟਾ ਵਿੱਚ ਜਾਰੀ ਸੀ।ਸਮੁੱਚੇ ਕੈਨੇਡਾ ਵਿੱਚ ਬ੍ਰਿਟਿਸ਼ ਸ਼ਾਹੀ ਘਰਾਣੇ ਦੇ ਨਾਂਅ ਵਾਲੀ ਹਲਫ ਪ੍ਰਥਾ 1912 ਤੋਂ ਲਾਗੂ ਸੀ।



# 'ਵੀਰ ਬਾਲ ਦਿਵਸ' ਨੂੰ ਲੈ ਕੇ ਕੇਂਦਰ ਸਰਕਾਰ ਵੱਲੋਂ ਜਾਰੀ ਪੋਸਟਰ 'ਤੇ ਹਰਸਿਮਰਤ ਕੌਰ ਬਾਦਲ ਨੇ ਜਤਾਇਆ ਇਤਰਾਜ਼

ਦਿੱਲੀ: 'ਵੀਰ ਬਾਲ ਦਿਵਸ' ਨਾਮ ਨੂੰ ਲੈ ਕੇ ਪਹਿਲਾਂ ਹੀ ਸਿੱਖ ਪੰਥ ਵੱਲੋਂ ਰੋਸ ਜਤਾਇਆ ਜਾ ਰਿਹਾ ਸੀ ਅਤੇ ਹੁਣ ਕੇਂਦਰ ਸਰਕਾਰ ਵੱਲੋਂ ਜਾਰੀ ਪੋਸਟਰ ਨੂੰ ਲੈ ਕੇ ਇੱਕ ਹੋਰ ਵਿਵਾਦ ਖੜ੍ਹਾ ਹੋ ਗਿਆ ਹੈ। ਦਰਅਸਲ, ਕੇਂਦਰ ਸਰਕਾਰ ਵੱਲੋਂ 26 ਦਸੰਬਰ ਨੂੰ ਵੀਰ ਬਾਲ ਦਿਵਸ ਮਨਾਉਣ ਸਬੰਧੀ ਇੱਕ ਪੋਸਟਰ ਜਾਰੀ ਹੋਇਆ ਹੈ। ਇਸ ਨੂੰ ਲੈ ਕੇ ਸਾਂਸਦ ਹਰਸਿਮਰਤ ਕੌਰ ਬਾਦਲ ਵੱਲੋਂ ਇਤਰਾਜ਼ ਜਤਾਇਆ ਜਾ ਰਿਹਾ ਹੈ।ਹਰਸਿਮਰਤ ਕੌਰ ਬਾਦਲ ਨੇ ਆਪਣੇ ਐਕਸ (ਪਹਿਲਾ ਟਵੀਟਰ) ਅਕਾਊਂਟ 'ਤੇ ਇੱਕ ਪੋਸਟ ਸਾਂਝੀ ਕਰਕੇ ਲਿਖਿਆ ਕਿ ਕੇਂਦਰ ਵੱਲੋਂ ਪਹਿਲਾਂ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਅਣਦੇਖੀ ਕਰ ਕੇ ਅਤੇ ਸਿੱਖ ਮਰਿਆਦਾ ਦੇ ਖਿਲਾਫ਼ ਚੱਲ ਕੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਧੰਨ ਧੰਨ ਬਾਬਾ ਜ਼ੋਰਾਵਰ ਸਿੰਘ ਜੀ ਤੇ ਧੰਨ ਧੰਨ ਬਾਬਾ ਫਤਿਹ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦਿਹਾੜੇ ਦਾ ਨਾਮ ਿਰ ਬਾਲ ਦਿਵਸ' ਰੱਖਿਆ ਗਿਆ।ਉਨ੍ਹਾਂ ਅੱਗੇ ਲਿਖਿਆ ਕਿ ਹੁਣ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦਿਹਾੜੇ ਨੂੰ ਗੈਰ ਸਿੱਖ ਵਿਚਾਰਧਾਰਾ ਨਾਲ ਜੋੜ ਕੇ ਪੇਸ਼ ਕਰਨ ਦਾ ਜੋ ਕੋਝਾ ਯਤਨ ਕੀਤਾ ਜਾ ਰਿਹਾ ਹੈ। ਇਹ ਬਹੁਤ ਹੀ ਮੰਦਭਾਗਾ ਤੇ ਨਿੰਦਣਯੋਗ ਹੈ।ਅਜਿਹਾ ਪ੍ਰਚਾਰ ਸਿੱਖ ਸਿਧਾਂਤਾਂ 'ਤੇ ਸਿੱਧਾ ਹਮਲਾ ਹੈ ਤੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ।ਕੇਂਦਰ ਸਰਕਾਰ ਤੁਰੰਤ ਅਜਿਹੇ ਗੁਮਰਾਹਕੁੰਨ ਪ੍ਰਚਾਰ ਨੂੰ ਬੰਦ ਕਰੇ ਅਤੇ ਅਜਿਹੇ ਪ੍ਰੋਗਰਾਮਾਂ ਉੱਪਰ ਪੂਰਨ ਪਾਬੰਦੀ ਲਗਾਈ ਜਾਵੇ।

FIXMAN
GLASS REPAIR LTD
Auto
Residential
Commercial
"We Are The Clear Choice"
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com

SAVVY
Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savvyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday


CANRISE IMMIGRATION
www.canriseimmigration.com
778-565-1717
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)


Punjab TRAVELS
Special offer!

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।
ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਰੂਸੀ ਫੌਜ ਵਿੱਚ ਭਰਤੀ ਹੋਏ 26 ਭਾਰਤੀਆਂ ਦੀ ਜੰਗ ਦੌਰਾਨ ਮੌਤ

ਮਾਸਕੋ:ਨੌਕਰੀਆਂ ਦੇ ਲਾਲਚ ਵਿੱਚ ਰੂਸੀ ਫੌਜ ਵਿੱਚ ਭਰਤੀ ਹੋਏ 202 ਭਾਰਤੀ ਨਾਗਰਿਕਾਂ ਵਿੱਚੋਂ, 26 ਦੀ ਰੂਸ-ਯੂਕਰੇਨ ਯੁੱਧ ਦੌਰਾਨ ਮੌਤ ਹੋ ਗਈ ਹੈ, ਜਦੋਂ ਕਿ 7 ਲਾਪਤਾ ਹਨ।ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ 17 ਦਸੰਬਰ, 2025 ਨੂੰ ਰਾਜ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ ਇਹ ਖੁਲਾਸਾ ਕੀਤਾ।ਸਰਕਾਰ ਨੇ ਕਿਹਾ ਕਿ 119 ਭਾਰਤੀਆਂ ਨੂੰ ਛੁੱਟੀ ਦੇ ਦਿੱਤੀ ਗਈ ਹੈ, ਪਰ 50 ਅਜੇ ਵੀ ਰੂਸੀ ਫੌਜ ਦੀ ਹਿਰਾਸਤ ਵਿੱਚ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਨੌਜਵਾਨਾਂ ਨੂੰ ਏਜੰਟਾਂ ਨੇ ਬੇਰੁਜ਼ਗਾਰੀ ਅਤੇ ਬਿਹਤਰ ਕਮਾਈ ਦੇ ਵਾਅਦੇ ਕਰਕੇ ਰੂਸ ਲਿਜਾਇਆ ਸੀ। ਉੱਥੇ ਪਹੁੰਚਣ ਤੋਂ ਬਾਅਦ, ਉਨ੍ਹਾਂ ਨੂੰ ਯੂਕਰੇਨ ਦੀ ਜੰਗ ਵਿੱਚ ਮਜਬੂਰ ਕੀਤਾ ਗਿਆ ਸੀ। ਪਰਿਵਾਰਾਂ ਦਾ ਦੋਸ਼ ਹੈ ਕਿ ਭਾਰਤੀ ਦੂਤਾਵਾਸ ਨੇ ਸ਼ੁਰੂ ਵਿੱਚ ਲੋੜੀਂਦੀ ਸਹਾਇਤਾ ਨਹੀਂ ਦਿੱਤੀ।ਕੇਂਦਰ ਨੇ ਹੁਣ ਰੂਸ ਨਾਲ ਕੂਟਨੀਤਕ ਸਬੰਧਾਂ ਨੂੰ ਤੇਜ਼ ਕਰ ਦਿੱਤਾ ਹੈ।


THE CARPLAZA
CAR ACCESSORIES

All Types Of Car Accessories & Installation Available

ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ




*Seat Covers *Matts
*Woofers & Ambient Lights
*Android Car Player Available




Especially For Uber & Lyft Camera

778-977-0032, 778-713-6949

#5-12357-82A Ave, Surrey, BC



LANGLEY
BANQUET HALL




ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ

ਲੈਂਗਲੀ ਬੈਂਕੁਇਟ ਹਾਲ

ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।



Call:Davinder S. Grewal

604-537-9759

info@langleybanquethall.com

3227 264 St UNIT #6, Aldergrove, BC V4W 2X3



## ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

### ਇਸ ਹਫਤੇ ਦੇ ਪ੍ਰੋਗਰਾਮ

*24 ਦਸੰਬਰ ਦਿਨ ਬੁੱਧਵਾਰ 4 ਸਾਹਿਬਜਾਦੇ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਆਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 26 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਸਜਣਗੇ।

*25 ਦਸੰਬਰ ਦਿਨ ਵੀਰਵਾਰ ਬੱਚੀ ਸੁਖਜੀਤ ਕੌਰ ਵੱਲੋਂ ਸਹਿਜਪਾਠ ਆਰੰਭ ਹੋਣਗੇ।

*26 ਦਸੰਬਰ ਤੋਂ ਸੰਤ ਬਾਬਾ ਅਤਰ ਸਿੰਘ ਜੀ ਦੇ ਸਬੰਧ ਵਿਚ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ, ਖਟੜਾ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 28 ਦਸੰਬਰ ਦਿਨ ਐਤਵਾਰ ਸਵੇਰੇ ਭੋਗ ਪੈਣਗੇ।

27 ਦਸੰਬਰ ਦਿਨ ਸ਼ਨਿੱਚਰਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੇ ਸਬੰਧ ਵਿਚ ਦੀਵਾਨ ਜਾਪ ਸਾਹਿਬ ਦੇ ਕੀਰਤਨ ਨਾਲ ਅਰੰਭ ਹੋਣਗੇ, ਸੇਵਾ ਸਮੂਹ ਅਫਗਾਨਿਸਤਾਨ ਦੀ ਸੰਗਤ ਵੱਲੋਂ। ਹਾਲ ਨੰ:2 ਵਿਚ ਗੁਰਵਿੰਦਰਜੀਤ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

**1 ਦਸੰਬਰ ਤੋਂ 28 ਦਸੰਬਰ ਤੱਕ ਸ਼ਾਮ 6 ਵਜੇ ਤੋਂ 6.30 ਵਜੇ ਤੱਕ ਗੁਰਮੰਤਰ ਦੇ ਜਾਪ ਸਮੂਹ ਸ਼ਹੀਦਾਂ ਦੀ ਯਾਦ ਵਿਚ ਹੋਣਗੇ।**

ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।
ਗੁ. ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਿਖੇ
**ਗੁਰਬਾਣੀ ਸਿਮਰਨ**
**ਹਰ ਐਤਵਾਰ**
**ਦੁਪਹਿਰ 1 ਤੋਂ 4 ਵਜੇ ਤੱਕ**
ਹੁੰਦੇ ਹਨ, ਸਭ ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ





**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ

**ਕਥਾਵਾਚਕ**
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

### ਰੋਜਾਨਾ ਦੇ ਪ੍ਰੋਗਰਾਮ

**ਸਵੇਰੇ**

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

**ਸ਼ਾਮ**

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਜਤਿੰਦਰ ਕੌਰ ਹਿਊਮਨ ਰਾਇਟਸ ਕਮਿਸ਼ਨ ਆਫ਼ ਯੂਨਾਇਟਡ ਨੇਸ਼ਨ ਦੀ ਆਨਰੇਰੀ ਅੰਬੈਸਡਰ ਨਿਯੁਕਤ



ਵਾਸ਼ਿੰਗਟਨ:-ਪ੍ਰਸਿੱਧ ਸਮਾਜਿਕ ਕਾਰਕੁੰਨ ਜਤਿੰਦਰ ਕੌਰ ਨੂੰ ਹਿਊਮਨ ਰਾਇਟਸ ਕਮਿਸ਼ਨ ਆਫ ਯੂਨਾਈਟਡ ਨੇਸ਼ਨ ਦੀ ਆਨਰੇਰੀ ਐਂਬੈਸਡਰ ਨਿਯੁਕਤ ਕੀਤਾ ਗਿਆ। ਇੱਥੇ ਦੱਸਣਯੋਗ ਹੈ ਕਿ ਜਤਿੰਦਰ ਕੌਰ ਨੇ ਵਿਦੇਸ਼ ਵਸਦੇ ਭਾਰਤੀਆਂ ਦੇ ਅਧਿਕਾਰਾਂ, ਕਿਸਾਨਾਂ ਦੀ ਭਲਾਈ, ਨਸ਼ਾ-ਰੋਕਥਾਮ ਅਤੇ ਨੀਤੀ ਸੁਧਾਰਾਂ ਵਰਗੇ ਮੁੱਦਿਆਂ ‘ਤੇ ਲਗਾਤਾਰ ਕੰਮ ਕੀਤਾ ਹੈ। ਭਾਰਤ ਅਤੇ ਵਿਦੇਸ਼ਾਂ ਵਿੱਚ ਅਧਿਕਾਰੀਆਂ ਤੇ ਸੰਸਥਾਵਾਂ ਨਾਲ ਸਰਗਰਮ ਸੰਪਰਕ ਬਣਾਇਆ ਹੈ।ਉਹ ਕਈ ਸਾਲਾਂ ਤੋਂ ਵਿਦੇਸ਼ ਰਹਿੰਦੇ ਪੰਜਾਬੀਆਂ ਨਾਲ ਸੰਬੰਧਿਤ ਮਸਲਿਆਂ ’ਤੇ ਵੀ ਸਰਗਰਮ ਰਹੇ ਹਨ, ਜਿਸ ਕਰਕੇ ਉਨ੍ਹਾਂ ਦੀ ਲਗਾਤਾਰ ਵਕਾਲਤ ਅਤੇ ਵਚਨਬੱਧਤਾ ਲਈ ਉਨ੍ਹਾਂ ਨੂੰ ਖੂਬ ਸਨਮਾਨ ਮਿਲਿਆ ਹੈ। ਆਪਣੀ ਨਿਯੁਕਤੀ ’ਤੇ ਪ੍ਰਤੀਕਿਰਿਆ ਦਿੰਦਿਆਂ ਜਤਿੰਦਰ ਕੌਰ ਨੇ ਕਿਹਾ ਕਿ “ਇਹ ਜ਼ਿੰਮੇਵਾਰੀ ਮੇਰੇ ਸੰਕਲਪ ਨੂੰ ਹੋਰ ਮਜ਼ਬੂਤ ਕਰਦੀ ਹੈ ਕਿ ਮੈਂ ਭਾਰਤੀਆਂ—ਖ਼ਾਸ ਕਰਕੇ ਪੰਜਾਬੀਆਂ, ਕਿਸਾਨਾਂ ਅਤੇ ਗਲੋਬਲ ਭਾਰਤੀ ਭਾਈਚਾਰੇ ਦੀ ਆਵਾਜ਼ ਅੰਤਰਰਾਸ਼ਟਰੀ ਪੱਧਰ ’ਤੇ ਉਠਾਵਾਂ ਅਤੇ ਇਹ ਯਕੀਨੀ ਬਣਾਵਾਂ ਕਿ ਉਨ੍ਹਾਂ ਦੇ ਮਸਲਿਆਂ ਨੂੰ ਵਿਸ਼ਵ ਮੰਚਾਂ ’ਤੇ ਯੋਗ ਧਿਆਨ ਮਿਲੇ।”

# ਸੰਯੁਕਤ ਰਾਸ਼ਟਰ ਮੁਖੀ ਨੇ ਬੰਗਲਾਦੇਸ਼ ’ਚ ਹਿੰਸਕ ਘਟਨਾਵਾਂ ’ਤੇ ਚਿੰਤਾ ਪ੍ਰਗਟਾਈ

ਨਿਊਯਾਰਕ:-ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਬੰਗਲਾਦੇਸ਼ ਵਿੱਚ ਵਾਪਰੀਆਂ ਹਿੰਸਕ ਘਟਨਾਵਾਂ ਖਾਸ ਕਰਕੇ ਇੱਕ ਹਿੰਦੂ ਨੌਜਵਾਨ ਦੀ ਭੀੜ ਵੱਲੋਂ ਕੀਤੀ ਗਈ ਹੱਤਿਆ (ਲਿੰਚਿੰਗ) ‘ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਸਕੱਤਰ ਜਨਰਲ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਨਿਊਯਾਰਕ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੰਗਲਾਦੇਸ਼ ਵਿੱਚ ਘੱਟ ਗਿਣਤੀਆਂ ਸਮੇਤ ਹਰ ਨਾਗਰਿਕ ਨੂੰ ਸੁਰੱਖਿਅਤ ਮਹਿਸੂਸ ਕਰਨ ਦਾ ਪੂਰਾ ਅਧਿਕਾਰ ਹੈ ਅਤੇ ਉਮੀਦ ਜਤਾਈ ਕਿ ਉੱਥੋਂ ਦੀ ਸਰਕਾਰ ਸਾਰਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਬਣਦੀ ਕਾਰਵਾਈ ਕਰੇਗੀ।ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਮੈਮਨਸਿੰਘ ਵਿੱਚ 25 ਸਾਲਾ ਦੀਪੂ ਚੰਦਰ ਦਾਸ ਦੀ ਕਥਿਤ ਬੇਅਦਬੀ ਦੇ ਦੋਸ਼ ਵਿੱਚ ਭੀੜ ਵੱਲੋਂ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ ਸੀ, ਜਿਸ ਦੇ ਸਬੰਧ ਵਿੱਚ ਪੁਲੀਸ ਹੁਣ ਤੱਕ 12 ਲੋਕਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਇਸ ਦੇ ਨਾਲ ਹੀ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮੁਖੀ ਵੋਲਕਰ ਤੁਰਕ ਨੇ ਪ੍ਰਦਰਸ਼ਨਕਾਰੀ ਆਗੂ ਸ਼ਰੀਫ਼ ਉਸਮਾਨ ਬਿਨ ਹਾਦੀ ਦੇ ਕਤਲ ‘ਤੇ ਵੀ ਦੁੱਖ ਪ੍ਰਗਟ ਕਰਦਿਆਂ ਫਰਵਰੀ ਵਿੱਚ ਹੋਣ ਵਾਲੀਆਂ ਸੰਸਦੀ ਚੋਣਾਂ ਤੋਂ ਪਹਿਲਾਂ ਦੇਸ਼ ਵਿੱਚ ਸ਼ਾਂਤੀ ਬਣਾਈ ਰੱਖਣ ਅਤੇ ਹਿੰਸਕ ਘਟਨਾਵਾਂ ਦੀ ਨਿਰਪੱਖ ਤੇ ਪਾਰਦਰਸ਼ੀ ਜਾਂਚ ਕਰਵਾਉਣ ਦੀ ਅਪੀਲ ਕੀਤੀ ਹੈ।

# ਜ਼ਮੀਨ ਦਾ ਕਬਜ਼ਾ ਲੈਣ ਆਏ ਅਧਿਕਾਰੀ ਮੋੜੇ

ਲੁਧਿਆਣਾਂ:-ਪਿੰਡ ਬਿਲਾਸਪੁਰ ਦੀ ਜ਼ਮੀਨ ’ਤੇ ਪੰਜਵੀਂ ਵਾਰ ਵਾਰੰਟ ਕਬਜ਼ਾ ਲੈ ਕੇ ਆ ਰਹੇ ਪ੍ਰਸ਼ਾਸਨ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਰੋਹ ਕਾਰਨ ਬੇਰੰਗ ਵਾਪਸ ਮੁੜਨਾ ਪਿਆ।ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ 9 ਪੀੜੀਆਂ ਤੋਂ ਕਈ ਪਰਿਵਾਰ (ਤਕਰੀਬਨ 145 ਸਾਲ ਪਹਿਲਾਂ ਤੋਂ) ਇਸ ਜ਼ਮੀਨ ਉੱਪਰ ਕਾਬਜ਼ ਹਨ ਪਰ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਜ਼ਮੀਨ ’ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਸਾਨਾਂ ਦੇ ਜ਼ਬਰਦਸਤ ਵਿਰੋਧ ਕਰਕੇ ਅੱਜ ਫੇਰ ਪ੍ਰਸ਼ਾਸਨ ਨੂੰ ਵਾਪਸ ਮੁੜਨਾ ਪਿਆ। ਆਗੂਆਂ ਨੇ ਅੱਗੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੀਆਂ ਜ਼ਮੀਨਾਂ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਅਪਣਾ ਕੇ ਖੋਹੀਆਂ ਜਾ ਰਹੀਆਂ ਹਨ, ਜਿਵੇਂ ਤਿੰਨ ਕਾਲੇ ਕਾਨੂੰਨ ਲਾਗੂ ਕਰਕੇ, ਲੈਂਡ ਪੂਲਿੰਗ ਬਣਾ ਕੇ ਤੇ ਬਿਜਲੀ ਬਿੱਲ ਲਿਆ ਕੇ ਕਿਸਾਨਾਂ ਨੂੰ ਜ਼ਮੀਨਾਂ ਤੋਂ ਬਾਹਰ ਕੱਢ ਕੇ ਕਾਰਪੋਰੇਟਾਂ ਵੱਲ ਧੱਕਣ ਜਾ ਰਹੇ ਹਨ।ਆਗੂਆਂ ਨੇ ਕਿਹਾ ਕਿਸਾਨਾਂ ਦੀਆਂ ਜ਼ਮੀਨਾਂ ਧੱਕੇ ਨਾਲ ਨਹੀਂ ਖੋਹਣ ਦਿੱਤੀਆਂ ਜਾਣਗੀਆਂ।

# ਉਸਤਾਦ ਪੂਰਨ ਸ਼ਾਹ ਕੋਟੀ ਦਾ ਦਿਹਾਂਤ



ਜਲੰਧਰ-ਪੰਜਾਬੀ ਸੰਗੀਤ ਜਗਤ ਦੇ ਉਸਤਾਦ ਸੂਫ਼ੀ ਗਾਇਕੀ ਦੇ ਪਿਤਾਮਾ ਅਤੇ ਮਸ਼ਹੂਰ ਗਾਇਕ ਮਾਸਟਰ ਸਲੀਮ ਦੇ ਪਿਤਾ ਪੂਰਨ ਸ਼ਾਹ ਕੋਟੀ ਜੀ ਅਕਾਲ ਚਲਾਣਾ ਕਰ ਗਏ ਹਨ।ਪੂਰਨ ਸ਼ਾਹ ਕੋਟੀ ਜੀ ਕੇਵਲ ਇੱਕ ਗਾਇਕ ਹੀ ਨਹੀਂ, ਸਗੋਂ ਸੰਗੀਤ ਦੇ ‘ਚਲਦੇ-ਫਿਰਦੇ ਸਕੂਲ’ ਸਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਪੰਜਾਬੀ ਸੱਭਿਆਚਾਰ ਅਤੇ ਸੂਫ਼ੀ ਗਾਇਕੀ ਨੂੰ ਸਮਰਪਿਤ ਕਰ ਦਿੱਤਾ। ਉਨ੍ਹਾਂ ਦੀ ਗਾਇਕੀ ਵਿੱਚ ਉਹ ਰੂਹਾਨੀਅਤ ਸੀ ਜੋ ਸਿੱਧੀ ਸਰੋਤਿਆਂ ਦੇ ਦਿਲਾਂ ਵਿੱਚ ਉੱਤਰ ਜਾਂਦੀ ਸੀ।ਉਨ੍ਹਾਂ ਨੇ ਪੰਜਾਬੀ ਇੰਡਸਟਰੀ ਨੂੰ ਕਈ ਅਜਿਹੇ ਸਿਤਾਰੇ ਦਿੱਤੇ ਜਿਨ੍ਹਾਂ ਨੇ ਅੱਜ ਦੁਨੀਆ ਭਰ ਵਿੱਚ ਨਾਮ ਕਮਾਇਆ ਹੈ। ਉਨ੍ਹਾਂ ਦੇ ਪ੍ਰਮੁੱਖ ਸ਼ਾਗਿਰਦਾਂ ਹੰਸ ਰਾਜ ਹੰਸ ਜਸਬੀਰ ਜੱਸੀ ਮਾਸਟਰ ਸਲੀਮ (ਉਨ੍ਹਾਂ ਦੇ ਸਪੁੱਤਰ) ਅਤੇ ਕਈ ਹੋਰ ਨਾਮਵਰ ਕਲਾਕਾਰ ਸ਼ਾਮਲ ਹਨ।ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਮਿਲਦਿਆਂ ਹੀ ਦੇਸ਼-ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਪੰਜਾਬੀ ਫ਼ਿਲਮ ਅਤੇ ਸੰਗੀਤ ਜਗਤ ਦੀਆਂ ਨਾਮੀ ਹਸਤੀਆਂ ਨੇ ਇਸ ਨੂੰ ‘ਅਸਹਿ ਅਤੇ ਕਦੇ ਨਾ ਪੂਰਾ ਹੋਣ ਵਾਲਾ ਘਾਟਾ’ ਦੱਸਿਆ ਹੈ।ਹਰ ਪਾਸੇ ਕਲਾਕਾਰ ਅਤੇ ਪ੍ਰਸ਼ੰਸਕ ਮਾਸਟਰ ਸਲੀਮ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰ ਰਹੇ ਹਨ। ਪੂਰਨ ਸ਼ਾਹ ਕੋਟੀ ਜੀ ਦੀ ਆਵਾਜ਼ ਅਤੇ ਉਨ੍ਹਾਂ ਦੁਆਰਾ ਤਿਆਰ ਕੀਤੇ ਗਏ ਕਲਾਕਾਰ ਹਮੇਸ਼ਾ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣਗੇ। ਪੰਜਾਬੀ ਸੰਗੀਤ ਉਨ੍ਹਾਂ ਦਾ ਹਮੇਸ਼ਾ ਰਿਣੀ ਰਹੇਗਾ।

# ਚੀਨ ਨੇ ਵੀ ਮਾਰੀ ਟੈਰਿਫ ਜੰਗ ਵਿੱਚ ਛਾਲ ਯੂਰਪ ਦੇ ਡੇਅਰੀ ਉਤਪਾਦਾਂ ਤੇ ਲਾਏ ਭਾਰੀ ਟੈਰਿਫ

ਬੀਜਿੰਗ:- ਚੀਨ ਨੇ ਯੂਰਪੀ ਸੰਘ ਦੇ ਡੇਅਰੀ ਉਤਪਾਦਾਂ ਦੁੱਧ, ਪਨੀਰ, ਕਰੀਮ ਅਤੇ ਦਹੀਂ ‘ਤੇ 21.9% ਤੋਂ 42.7% ਤੱਕ ਦੇ ਅਸਥਾਈ ਟੈਰਿਫ ਲਗਾਏ ਲਗਾ ਦਿਤੇ ਹਨ । ਚੀਨ ਦੀ ਇਸ ਹਰਕਤ ਤੋਂ ਬਾਅਦ ਖਿੱਤੇ ਵਿੱਚ ਵਪਾਰ ਯੁੱਧ ਸ਼ੁਰੂ ਹੋਣ ਦੇ ਖਦਸ਼ੇ ਪ੍ਰਗਟਾਏ ਜਾਣ ਲੱਗ ਪਏ ਹਨ। ਹਾਲਾ ਕਿ ਚੀਨੀ ਵਣਜ ਮੰਤਰਾਲੇ ਨੇ ਯੂਰਪੀ ਸੰਘ ਦੀਆਂ ਸਬਸਿਡੀ ਨੀਤੀਆਂ ਨੂੰ ਹੀ ਇਸ ਬਾਬਤ ਦੋਸ਼ੀ ਠਹਿਰਾਇਆ, ਜੋ ਚੀਨੀ ਕਿਸਾਨਾਂ ਅਤੇ ਡੇਅਰੀ ਉਦਯੋਗ ਨੂੰ ਗੰਭੀਰ ਨੁਕਸਾਨ ਪਹੁੰਚਾ ਰਹੀਆਂ ਹਨ। ਇਹ ਫੈਸਲਾ ਅਗਸਤ 2024 ਤੱਕ ਚੱਲ ਰਹੀ ਐਂਟੀ-ਡੰਪਿੰਗ ਜਾਂਚ ਦੇ ਸ਼ੁਰੂਆਤੀ ਨਤੀਜਿਆਂ ‘ਤੇ ਅਧਾਰਤ ਦਸਿਆ ਗਿਆ ਹੈ। ਯੂਰਪੀਅਨ ਕਮਿਸ਼ਨ ਨੇ ਤੁਰੰਤ ਜਾਂਚ ਸ਼ੁਰੂ ਕੀਤੀ ਹੈ, ਇਸਨੂੰ “ਅਨਿਆਂਪੂਰਨ ਅਤੇ ਇਕਪਾਸੜ” ਦੱਸਿਆ ਹੈ। ਬ੍ਰਸੇਲਜ਼ ਨੇ ਇਸਦੀ ਡਬਲਯੂਟੀਓ ਕੋਲ ਸ਼ਿਕਾਇਤ ਦਰਜ ਕਰਨ ਦੀ ਯੋਜਨਾ ਵੀ ਤਿਆਰ ਕਰ ਲਈ ਹੈ। ਆਇਰਲੈਂਡ, ਨੀਦਰਲੈਂਡ ਅਤੇ ਡੈਨਮਾਰਕ ਵਰਗੇ ਪ੍ਰਮੁੱਖ ਨਿਰਯਾਤਕ ਦੇਸ਼, ਜਿਨ੍ਹਾਂ ਨੇ 2024 ਵਿੱਚ ਚੀਨ ਨੂੰ 5 ਬਿਲੀਅਨ ਤੋਂ ਵੱਧ ਡੇਅਰੀ ਉਤਪਾਦਾਂ ਦਾ ਨਿਰਯਾਤ ਕੀਤਾ ਸੀ, ਨੂੰ ਅਰਬਾਂ ਯੂਰੋ ਦੇ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ। ਮਾਹਿਰਾਂ ਦਾ ਅੰਦਾਜ਼ਾ ਹੈ ਕਿ 2026 ਤੱਕ ਨਿਰਯਾਤ 15-20% ਤੱਕ ਘਟ ਸਕਦਾ ਹੈ।

TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers
Single Driver Pay 52cents/mile
Team Drivers 32 cents/mile

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਸਾਊਦੀ ਅਰਬ ਵਿੱਚ ਤਿੰਨ ਦਹਾਕਿਆਂ 'ਚ ਪਹਿਲੀ ਵਾਰ ਹੋਈ ਬਰਫ਼ਬਾਰੀ

ਦੁਬਈ:-ਉੱਤਰੀ ਸਾਊਦੀ ਅਰਬ ਵਿੱਚ ਸੋਮਵਾਰ ਨੂੰ 30 ਸਾਲਾਂ ਵਿੱਚ ਪਹਿਲੀ ਵਾਰ ਭਾਰੀ ਬਰਫ਼ਬਾਰੀ ਹੋਈ, ਜਿਸ ਨਾਲ ਮਾਰੂਥਲ ਬਰਫ਼ ਦੀ ਚਾਦਰ ਨਾਲ ਢਕਿਆ ਦਿਖਾਈ ਦੇ ਰਿਹਾ ਹੈ। ਖਾਸ ਕਰਕੇ ਸਾਊਦੀ ਅਰਬ ਵਿੱਚ 30 ਸਾਲਾਂ ਵਿੱਚ ਪਹਿਲੀ ਬਰਫ਼ਬਾਰੀ ਹੋਈ, ਮਾਰੂਥਲ ਦੇ ਇਲਾਕਿਆਂ ਨੂੰ ਢੱਕਿਆ ਹੋਇਆ ਹੈ। ਉੱਤਰੀ ਸਾਊਦੀ ਅਰਬ ਵਿੱਚ ਸੋਮਵਾਰ ਨੂੰ 30 ਸਾਲਾਂ ਵਿੱਚ ਪਹਿਲੀ ਵਾਰ ਭਾਰੀ ਬਰਫ਼ਬਾਰੀ ਹੋਈ, ਜਿਸ ਨਾਲ ਮਾਰੂਥਲ ਬਰਫ਼ ਦੀ ਚਾਦਰ ਨਾਲ ਢੱਕ ਗਿਆ। ਅਲ-ਉਲਾ, ਤਾਬੂਕ ਅਤੇ ਜੌਫ ਖੇਤਰਾਂ ਵਿੱਚ ਤਾਪਮਾਨ ਜ਼ੀਰੋ ਡਿਗਰੀ ਸੈਲਸੀਅਸ ਤੋਂ ਹੇਠਾਂ ਆ ਗਿਆ, ਜਿਸ ਨਾਲ ਸੜਕਾਂ ਅਤੇ ਪਹਾੜ ਬਰਫ਼ ਨਾਲ ਢੱਕ ਗਏ।

ਮੌਸਮ ਵਿਭਾਗ ਨੇ ਕਿਹਾ ਕਿ ਇਹ ਅਸਾਧਾਰਨ ਮੌਸਮ ਪੱਛਮੀ ਗੜਬੜ ਕਾਰਨ ਹੋਇਆ ਹੈ, ਜੋ ਆਮ ਤੌਰ 'ਤੇ ਯੂਰਪ ਤੱਕ ਸੀਮਤ ਹੁੰਦਾ ਹੈ। ਸਥਾਨਕ ਨਿਵਾਸੀਆਂ ਨੇ ਬਰਫ਼ ਦੇ ਗੋਲੇ ਬਣਾ ਕੇ ਜਸ਼ਨ ਮਨਾਇਆ, ਜਦੋਂ ਕਿ ਸੈਲਾਨੀਆਂ ਨੇ ਸੋਸ਼ਲ ਮੀਡੀਆ 'ਤੇ ਇਸ ਦੁਰਲੱਭ ਦ੍ਰਿਸ਼ ਦੇ ਵੀਡੀਓ ਸਾਂਝੇ ਕੀਤੇ। ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਪੇਪਰ ਸਾਊਦੀ ਅਰਬ ਵਿੱਚ ਆਖਰੀ ਵਾਰ ਅਜਿਹੀ ਬਰਫ਼ਬਾਰੀ 1991 ਵਿੱਚ ਦਰਜ ਕੀਤੀ ਗਈ ਸੀ। ਇਹ ਵਰਤਾਰਾ ਜਲਵਾਯੂ ਪਰਿਵਰਤਨ ਦੇ ਸੰਦਰਭ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਯਾਤਰੀਆਂ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਗਈ ਹੈ। ਅਲ-ਉਲਾ, ਤਾਬੂਕ ਅਤੇ ਜੌਫ ਖੇਤਰਾਂ ਵਿੱਚ ਤਾਪਮਾਨ ਜ਼ੀਰੋ ਡਿਗਰੀ ਸੈਲਸੀਅਸ ਤੋਂ ਹੇਠਾਂ ਆ ਗਿਆ, ਜਿਸ ਨਾਲ ਸੜਕਾਂ ਅਤੇ ਪਹਾੜਾਂ 'ਤੇ ਬਰਫ਼ ਹੀ ਬਰਫ਼ ਦਿਸ ਰਹੀ ਹੈ।

# ਸਾਊਦੀ ਅਰਬ ਦੇ ਰੇਗਿਸਤਾਨ ਵਿੱਚ ਬਰਫ਼ਬਾਰੀ ਕਿਉਂ? ਜਲਵਾਯੂ ਪਰਿਵਰਤਨ ਦੇ ਗੰਭੀਰ ਸੰਕੇਤ

ਸਾਊਦੀ ਅਰਬ ਵਰਗੇ ਗਰਮ ਅਤੇ ਖੁਸ਼ਕ ਰੇਗਿਸਤਾਨੀ ਦੇਸ਼ ਵਿੱਚ ਇਸ ਹਫ਼ਤੇ ਹੋਈ ਦੁਰਲੱਭ ਬਰਫ਼ਬਾਰੀ ਨੇ ਪਹਾੜੀ ਇਲਾਕਿਆਂ ਨੂੰ ਚਿੱਟੀ ਚਾਦਰ ਨਾਲ ਢੱਕ ਦਿੱਤਾ ਹੈ, ਜਿਸ ਦਾ ਮੁੱਖ ਕਾਰਨ ਯੂਰਪ ਅਤੇ ਮੱਧ ਏਸ਼ੀਆ ਤੋਂ ਆਉਣ ਵਾਲੀਆਂ ਬਹੁਤ ਜ਼ਿਆਦਾ ਠੰਢੀਆਂ ਹਵਾਵਾਂ ਦਾ ਨਮੀ ਵਾਲੇ ਸਿਸਟਮਾਂ ਨਾਲ ਟਕਰਾਉਣਾ ਹੈ।

ਆਮ ਤੌਰ 'ਤੇ ਗਰਮ ਰਹਿਣ ਵਾਲੇ ਇਸ ਮੁਲਕ ਦੇ ਉੱਚਾਈ ਵਾਲੇ ਖੇਤਰਾਂ ਜਿਵੇਂ ਕਿ ਤਬੂਕ, ਹਾਇਲ ਅਤੇ ਰਿਆਦ ਦੇ ਉੱਤਰੀ ਹਿੱਸਿਆਂ ਵਿੱਚ ਤਾਪਮਾਨ ਜ਼ੀਰੋ ਡਿਗਰੀ ਤੋਂ ਹੇਠਾਂ ਡਿੱਗਣ ਕਾਰਨ ਮੀਂਹ ਦੀ ਬਜਾਏ ਬਰਫ਼ਬਾਰੀ ਦੇਖਣ ਨੂੰ ਮਿਲੀ ਹੈ। ਮਾਹਿਰਾਂ ਅਨੁਸਾਰ ਜਲਵਾਯੂ ਪਰਿਵਰਤਨ ਕਾਰਨ ਮੌਸਮ ਵਿੱਚ ਅਜਿਹੀਆਂ ਅਚਾਨਕ ਤਬਦੀਲੀਆਂ ਅਤੇ ਅਣਪਛਾਤੀਆਂ ਘਟਨਾਵਾਂ ਹੁਣ ਪਹਿਲਾਂ ਨਾਲੋਂ ਵੱਧ ਵਾਪਰ ਰਹੀਆਂ ਹਨ, ਜਿੱਥੇ ਮੈਡੀਟੇਰੀਅਨ ਮੌਸਮੀ ਪ੍ਰਣਾਲੀ ਅਤੇ ਸਰਦ ਹਵਾਵਾਂ ਦੇ ਸੁਮੇਲ ਨੇ ਰੇਗਿਸਤਾਨੀ ਪਹਾੜਾਂ ਨੂੰ ਸਰਦੀਆਂ ਦੇ ਇੱਕ ਖ਼ੂਬਸੂਰਤ ਨਜ਼ਾਰੇ ਵਿੱਚ ਬਦਲ ਦਿੱਤਾ ਹੈ।

ਸਾਊਦੀ ਅਰਬ ਦੀ ਸਰਕਾਰੀ ਮੌਸਮ ਏਜੰਸੀ ਦੇ ਅਨੁਸਾਰ ਇਹ ਬਰਫ਼ਬਾਰੀ ਉੱਤਰੀ ਖੇਤਰਾਂ ਵਿੱਚ ਇੱਕ ਮਜ਼ਬੂਤ 'ਕੋਲਡ ਫਰੰਟ' ਦੇ ਸਰਗਰਮ ਹੋਣ ਕਾਰਨ ਹੋਈ ਹੈ। ਉਨ੍ਹਾਂ ਨੇ ਪਹਿਲਾਂ ਹੀ ਤਬੂਕ ਅਤੇ ਅਲ-ਜੌਫ ਦੇ ਉੱਚਾਈ ਵਾਲੇ ਇਲਾਕਿਆਂ ਲਈ ਰੈੱਡ ਅਲਰਟ ਜਾਰੀ ਕੀਤਾ ਸੀ ਅਤੇ ਦੱਸਿਆ ਸੀ ਕਿ ਉੱਪਰਲੇ ਵਾਯੂਮੰਡਲ ਵਿੱਚ ਤਾਪਮਾਨ ਬਹੁਤ ਤੇਜ਼ੀ ਨਾਲ ਡਿੱਗਣ ਕਾਰਨ ਬਰਫ਼ ਦੇ ਕਣ ਜੰਮ ਗਏ ਸਨ।

ਮੌਸਮ ਵਿਗਿਆਨੀਆਂ ਅਨੁਸਾਰ ਇਹ ਦੁਰਲੱਭ ਘਟਨਾ ਮੱਧ-ਪੂਰਬ ਵਿੱਚ ਆਏ ਇੱਕ ਡੂੰਘੇ ਘੱਟ ਦਬਾਅ ਵਾਲੇ ਸਿਸਟਮ ਦਾ ਨਤੀਜਾ ਹੈ, ਜਿਸ ਨੇ ਯੂਰਪ ਅਤੇ ਸਾਇਬੇਰੀਆ ਤੋਂ ਬਹੁਤ ਜ਼ਿਆਦਾ ਠੰਢੀਆਂ ਹਵਾਵਾਂ ਨੂੰ ਅਰਬ ਪ੍ਰਾਇਦੀਪ ਵੱਲ ਧੱਕ ਦਿੱਤਾ ਹੈ। ਜਦੋਂ ਇਹ ਸਰਦ ਹਵਾਵਾਂ ਭੂਮੱਧ ਸਾਗਰ ਅਤੇ ਅਰਬ ਸਾਗਰ ਤੋਂ ਆਉਣ ਵਾਲੀ ਨਮੀ ਨਾਲ ਟਕਰਾਈਆਂ ਤਾਂ ਜਬਲ ਅਲ-ਲੌਜ਼ ਵਰਗੇ ਉੱਚਾਈ ਵਾਲੇ ਪਹਾੜੀ ਖੇਤਰਾਂ ਵਿੱਚ ਤਾਪਮਾਨ ਮਾਇਨਸ 4 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ, ਜਿਸ ਨਾਲ ਮੀਂਹ ਦੀ ਬਜਾਏ ਬਰਫ਼ਬਾਰੀ ਹੋਈ।

ਮਾਹਿਰਾਂ ਦਾ ਮੰਨਣਾ ਹੈ ਕਿ ਇਹ 'ਵਾਰਮਿੰਗ ਪੈਰਾਡੌਕਸ' ਦਾ ਇੱਕ ਹਿੱਸਾ ਹੈ, ਜਿੱਥੇ ਜਲਵਾਯੂ ਤਬਦੀਲੀ ਕਾਰਨ ਗਰਮ ਹੋ ਰਿਹਾ ਵਾਯੂਮੰਡਲ ਪਹਿਲਾਂ ਨਾਲੋਂ ਜ਼ਿਆਦਾ ਨਮੀ ਸੋਖ ਰਿਹਾ ਹੈ, ਜਿਸ ਕਾਰਨ ਸਾਊਦੀ ਅਰਬ ਵਰਗੇ ਖੁਸ਼ਕ ਖੇਤਰਾਂ ਵਿੱਚ ਵੀ ਬੇਮੌਸਮੀ ਮੀਂਹ ਅਤੇ ਭਾਰੀ ਬਰਫ਼ਬਾਰੀ ਵਰਗੀਆਂ ਅਤਿ ਦੀਆਂ ਮੌਸਮੀ ਘਟਨਾਵਾਂ ਵਧ ਰਹੀਆਂ ਹਨ। ਹਾਲਾਂਕਿ ਸਾਊਦੀ ਦੇ ਉੱਚੇ ਪਹਾੜਾਂ 'ਤੇ ਕਦੇ-ਕਦਾਈਂ ਬਰਫ਼ ਪੈਂਦੀ ਰਹੀ ਹੈ, ਪਰ ਮਾਰੂਥਲ ਦੇ ਰੇਤਲੇ ਟਿੱਬਿਆਂ 'ਤੇ 30 ਸਾਲਾਂ ਬਾਅਦ ਹੋਈ ਇਸ ਇਤਿਹਾਸਕ ਬਰਫ਼ਬਾਰੀ ਨੇ ਜਲਵਾਯੂ ਪਰਿਵਰਤਨ ਦੇ ਗੰਭੀਰ ਸੰਕੇਤ ਦਿੱਤੇ ਹਨ। ਜਿਸ ਕਾਰਨ ਰਿਆਦ ਵਰਗੇ ਸ਼ਹਿਰਾਂ ਵਿੱਚ ਸਕੂਲ ਬੰਦ ਕਰਨੇ ਪਏ ਅਤੇ ਸੈਲਾਨੀਆਂ ਲਈ ਰੇਗਿਸਤਾਨ ਵਿੱਚ ਸਕੀਇੰਗ ਦਾ ਇੱਕ ਨਵਾਂ ਅਤੇ ਅਜੀਬ ਨਜ਼ਾਰਾ ਪੈਦਾ ਹੋ ਗਿਆ ਹੈ।

ਰੇਗਿਸਤਾਨ ਵਿੱਚ ਬਰਫ਼ਬਾਰੀ ਅਤੇ ਭਾਰੀ ਮੀਂਹ ਦਾ ਸਭ ਤੋਂ ਵੱਡਾ ਪ੍ਰਭਾਵ ਸਥਾਨਕ ਵਾਤਾਵਰਣ 'ਤੇ ਦੇਖਣ ਨੂੰ ਮਿਲਦਾ ਹੈ। ਸਾਊਦੀ ਅਰਬ ਦੇ ਸੁੱਕੇ ਵਾਦੀਆਂ ਵਿੱਚ ਪਾਣੀ ਦਾ ਪ੍ਰਵਾਹ ਵਧਣ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਮੁੜ ਭਰਨ ਵਿੱਚ ਮਦਦ ਮਿਲਦੀ ਹੈ, ਜੋ ਕਿ ਇਸ ਪਾਣੀ ਦੀ ਕਿੱਲਤ ਵਾਲੇ ਦੇਸ਼ ਲਈ ਬਹੁਤ ਮਹੱਤਵਪੂਰਨ ਹੈ।

ਮਾਹਿਰਾਂ ਅਨੁਸਾਰ ਇਹ ਨਮੀ ਰੇਗਿਸਤਾਨੀ ਬਨਸਪਤੀ ਲਈ ਵਰਦਾਨ ਸਾਬਤ ਹੁੰਦੀ ਹੈ, ਜਿਸ ਨਾਲ ਆਉਣ ਵਾਲੀ ਬਸੰਤ ਰੁੱਤ ਵਿੱਚ ਜੰਗਲੀ ਫੁੱਲਾਂ ਅਤੇ ਘਾਹ ਦੀ ਹਰਿਆਵਲ ਵਧੇਗੀ, ਜੋ ਨਾ ਸਿਰਫ਼ ਵਾਤਾਵਰਣ ਨੂੰ ਸੁੰਦਰ ਬਣਾਉਂਦੀ ਹੈ ਬਲਕਿ ਖਾਨਾਬਦੋਸ਼ਾਂ ਦੇ ਪਸ਼ੂਆਂ ਲਈ ਚਾਰੇ ਦਾ ਇੱਕ ਕੁਦਰਤੀ ਸਰੋਤ ਵੀ ਬਣਦੀ ਹੈ।

ਵਿਸ਼ਵ ਮੌਸਮ ਵਿਗਿਆਨ ਸੰਗਠਨ ਦੇ ਕੌਮਾਂਤਰੀ ਮਾਹਿਰਾਂ ਅਨੁਸਾਰ, ਅਰਬ ਦੇ ਰੇਗਿਸਤਾਨ ਵਿੱਚ ਵਧ ਰਹੀ ਬਰਫ਼ਬਾਰੀ 'ਗਲੋਬਲ ਵਾਰਮਿੰਗ' ਦੇ ਕਾਰਨ ਵਿਗੜੇ 'ਜੈੱਟ ਸਟ੍ਰੀਮ' ਦਾ ਨਤੀਜਾ ਹੈ। ਉਨ੍ਹਾਂ ਅਨੁਸਾਰ, ਜਦੋਂ ਆਰਕਟਿਕ ਖੇਤਰ ਦੀ ਠੰਢੀ ਹਵਾ ਆਪਣੇ ਨਿਰਧਾਰਿਤ ਰਸਤੇ ਤੋਂ ਭਟਕ ਕੇ ਦੱਖਣ ਵੱਲ (ਖਾੜੀ ਦੇਸ਼ਾਂ ਵੱਲ) ਆਉਂਦੀ ਹੈ, ਤਾਂ ਅਜਿਹੀਆਂ ਅਸਧਾਰਨ ਘਟਨਾਵਾਂ ਵਾਪਰਦੀਆਂ ਹਨ।

ਇਸ ਦੁਰਲੱਭ ਕੁਦਰਤੀ ਘਟਨਾ ਨੇ ਸਾਊਦੀ ਅਰਬ ਵਿੱਚ 'ਵਿੰਟਰ ਟੂਰਿਜ਼ਮ' ਦੇ ਨਵੇਂ ਰਾਹ ਖੋਲ੍ਹ ਦਿੱਤੇ ਹਨ। ਜਿੱਥੇ ਆਮ ਤੌਰ 'ਤੇ ਰੇਗਿਸਤਾਨੀ ਸਫਾਰੀ ਲਈ ਸੈਲਾਨੀ ਆਉਂਦੇ ਸਨ, ਹੁਣ ਬਰਫ਼ ਨਾਲ ਢਕੇ ਰੇਤਲੇ ਟਿੱਬਿਆਂ ਅਤੇ ਪਹਾੜਾਂ ਦਾ ਨਜ਼ਾਰਾ ਲੈਣ ਲਈ ਹਜ਼ਾਰਾਂ ਸਥਾਨਕ ਅਤੇ ਵਿਦੇਸ਼ੀ ਸੈਲਾਨੀ ਤਬੂਕ ਅਤੇ ਉੱਤਰੀ ਖੇਤਰਾਂ ਵੱਲ ਰੁਖ਼ ਕਰ ਸਕਦੇ ਹਨ।

ਹਾਲਾਂਕਿ, ਅਚਾਨਕ ਹੋਈ ਇਸ ਬਰਫ਼ਬਾਰੀ ਅਤੇ ਮੀਂਹ ਕਾਰਨ ਕਈ ਥਾਵਾਂ 'ਤੇ ਬੁਨਿਆਦੀ ਢਾਂਚੇ) ਅਤੇ ਸੜਕੀ ਆਵਾਜਾਈ ਵਿੱਚ ਵਿਘਨ ਵੀ ਪਿਆ ਹੈ, ਜਿਸ ਲਈ ਭਵਿੱਖ ਵਿੱਚ ਸਰਕਾਰ ਨੂੰ ਨਵੀਆਂ ਯੋਜਨਾਵਾਂ ਬਣਾਉਣ ਦੀ ਲੋੜ ਮਹਿਸੂਸ ਹੋ ਰਹੀ ਹੈ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਰੇਗਿਸਤਾਨ ਵਿੱਚ ਵਧ ਰਹੀ ਬਰਫ਼ਬਾਰੀ ਦੀ ਬਾਰੰਬਾਰਤਾ ਇੱਕ ਗੰਭੀਰ ਚੇਤਾਵਨੀ ਵੀ ਹੈ। ਜਲਵਾਯੂ ਮਾਡਲ ਦਰਸਾਉਂਦੇ ਹਨ ਕਿ ਅਰਬ ਪ੍ਰਾਇਦੀਪ ਵਿੱਚ ਤਾਪਮਾਨ ਵਿਸ਼ਵਵਿਆਪੀ ਔਸਤ ਨਾਲੋਂ ਦੁੱਗਣੀ ਤੇਜ਼ੀ ਨਾਲ ਵਧ ਰਿਹਾ ਹੈ, ਜਿਸ ਕਾਰਨ ਮੌਸਮ ਦਾ ਸੰਤੁਲਨ ਵਿਗੜ ਰਿਹਾ ਹੈ।

ਸਥਾਨਕ ਖਬਰ ਸਰੋਤ ਅਲ ਅਰਾਬੀਆ ਅਤੇ ਖਲੀਜ਼ ਟਾਈਮਜ਼ ਨੇ ਜ਼ਮੀਨੀ ਰਿਪੋਰਟਾਂ ਰਾਹੀਂ ਦੱਸਿਆ ਕਿ ਜਿੱਥੇ ਆਮ ਤੌਰ 'ਤੇ 50 ਡਿਗਰੀ ਤਾਪਮਾਨ ਹੁੰਦਾ ਸੀ, ਉੱਥੇ ਹੁਣ ਲੋਕਾਂ ਨੂੰ ਭਾਰੀ ਜੈਕਟਾਂ ਪਾਉਣੀਆਂ ਪੈ ਰਹੀਆਂ ਹਨ। ਉਨ੍ਹਾਂ ਦੇ ਅਨੁਸਾਰ, ਸਥਾਨਕ ਲੋਕ ਇਸ ਨੂੰ 'ਕੁਦਰਤ ਦਾ ਚਮਤਕਾਰ' ਮੰਨ ਰਹੇ ਹਨ, ਜਦਕਿ ਵਿਗਿਆਨੀ ਇਸ ਨੂੰ ਵਾਤਾਵਰਣ ਦੀ ਸੰਕਟਕਾਲੀਨ ਸਥਿਤੀ ਕਹਿ ਰਹੇ ਹਨ।

ਵਿਗਿਆਨੀਆਂ ਅਨੁਸਾਰ ਆਉਣ ਵਾਲੇ ਦਹਾਕਿਆਂ ਵਿੱਚ ਸਾਊਦੀ ਅਰਬ ਨੂੰ ਇੱਕ ਪਾਸੇ ਭਿਆਨਕ ਗਰਮੀ ਅਤੇ ਸੋਕੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਦਕਿ ਦੂਜੇ ਪਾਸੇ ਅਜਿਹੀਆਂ ਅਣਪਛਾਤੀਆਂ ਬਰਫ਼ਬਾਰੀ ਅਤੇ ਹੜ੍ਹਾਂ ਵਰਗੀਆਂ ਘਟਨਾਵਾਂ ਵਧ ਸਕਦੀਆਂ ਹਨ। ਇਹ ਬਦਲਾਅ ਨਾ ਸਿਰਫ਼ ਖੇਤੀਬਾੜੀ ਅਤੇ ਜੀਵ-ਜੰਤੂਆਂ ਲਈ ਚੁਣੌਤੀਪੂਰਨ ਹਨ, ਬਲਕਿ ਇਹ ਪੂਰੇ ਖੇਤਰ ਨੂੰ ਆਪਣੇ ਜੀਵਨ-ਸ਼ੈਲੀ ਅਤੇ ਸ਼ਹਿਰੀ ਯੋਜਨਾਬੰਦੀ ਵਿੱਚ ਵੱਡੇ ਬਦਲਾਅ ਕਰਨ ਲਈ ਮਜ਼ਬੂਰ ਕਰ ਰਹੇ ਹਨ।

# ਸੋਨੇ ਨੇ ਰਿਕਾਰਡ ਤੋੜਿਆ
# 1.40 ਲੱਖ ਪ੍ਰਤੀ ਦਸ ਗਰਾਮ ਹੋਇਆ

ਦਿੱਲੀ:-ਦੇਸ਼ ਭਰ ਵਿਚ ਸੋਨੇ ਦੀਆਂ ਕੀਮਤਾਂ ਪਿਛਲੇ ਦੋ ਦਿਨਾਂ ਤੋਂ ਲਗਾਤਾਰ ਵਧ ਰਹੀਆਂ ਹਨ। ਕੌਮੀ ਰਾਜਧਾਨੀ ਵਿੱਚ ਅੱਜ ਸੋਨੇ ਦੀ ਕੀਮਤ 2,650 ਰੁਪਏ ਵਧ ਕੇ 1,40,850 ਪ੍ਰਤੀ 10 ਗ੍ਰਾਮ ਦੇ ਨਵੇਂ ਪੱਧਰ 'ਤੇ ਪ੍ਰੁੱਜ ਗਈ ਹੈ।

ਸੋਨੇ ਦੀਆਂ ਕੀਮਤਾਂ ਪਹਿਲਾਂ ਦੀਵਾਲੀ ਦੇ ਨੇੜੇ ਖਾਸੀਆਂ ਵਧੀਆਂ ਸਨ ਪਰ ਉਸ ਤੋਂ ਬਾਅਦ ਸੋਨੇ ਦੀ ਕੀਮਤ ਡਿੱਗਣ ਲੱਗ ਪਈ ਪਰ ਹੁਣ ਸੋਨੇ ਦੀ ਕੀਮਤ ਮੁੜ ਵਧਣ ਲੱਗੀ ਹੈ।

ਆਲ ਇੰਡੀਆ ਸਰਾਫਾ ਐਸੋਸੀਏਸ਼ਨ ਮੁਤਾਬਕ ਆਲਮੀ ਪੱਧਰ 'ਤੇ ਮਜ਼ਬੂਤ ਰੁਝਾਨਾਂ ਦੌਰਾਨ ਸੋਨੇ ਦੇ ਭਾਅ 'ਚ ਲਗਾਤਾਰ ਦੂਜੇ ਦਿਨ ਵਾਧਾ ਹੋਇਆ। ਸੋਨੇ ਦੀ ਕੀਮਤ ਬੀਤੇ ਦਿਨੀਂ 1,38,200 ਪ੍ਰਤੀ ਦਸ ਗਰਾਮ ਸੀ। ਸੋਨੇ ਦਾ ਭਾਅ 31 ਦਸੰਬਰ 2024 ਨੂੰ 78,950 ਰੁਪਏ ਸੀ ਅਤੇ ਇਸ ਸਾਲ ਹੁਣ ਤੱਕ ਘਰੇਲੂ ਮਾਰਕੀਟ 'ਚ ਸੋਨੇ 61,900 ਰੁਪਏ ਵਧ ਚੁੱਕਾ ਹੈ। ਇਸ ਦੌਰਾਨ ਚਾਂਦੀ ਦੀ ਕੀਮਤ ਵੀ ਲਗਾਤਾਰ ਦੂਜੇ ਦਿਨ ਵਧੀ ਹੈ। ਚਾਂਦੀ ਦਾ ਭਾਅ 2,750 ਰੁਪਏ ਦੇ ਵਾਧੇ ਨਾਲ 2,17,250 ਰੁਪਏ ਪ੍ਰਤੀ ਕਿੱਲੋ ਹੋ ਗਿਆ ਹੈ। ਇਸ ਤੋਂ ਪਹਿਲਾਂ ਚਾਂਦੀ ਦਾ ਭਾਅ 'ਚ 10,400 ਰੁਪਏ ਦੇ ਵਾਧੇ ਨਾਲ 2,14,500 ਪ੍ਰਤੀ ਕਿੱਲੋ 'ਤੇ ਬੰਦ ਹੋਇਆ ਸੀ।


ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases
"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੈਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਆਓ ਅਲਵਿਦਾ ਤੇ ਖ਼ੁਸ਼ ਆਮਦੀਦ ਦੇ ਮੌਕੇ ਬੀਤੇ ਦੇ ਸਬਕਾਂ ਨੂੰ ਪੱਲੇ ਬੰਨ੍ਹਦਿਆਂ ਅੱਗੇ ਵਧਿਆ ਜਾਵੇ

ਲੰਘੇ ਵਰ੍ਹੇ 2025 ਨੂੰ ਅਲਵਿਦਾ ਕਹਿੰਦਿਆਂ ਤੇ ਨਵੇਂ ਵਰ੍ਹੇ 2026 ਨੂੰ ਖ਼ੁਸ਼-ਆਮਦੀਦ ਕਹਿਣ ਲਈ ਬੀਤੇ ਦੇ ਸਬਕਾਂ ਤੋਂ ਸਿੱਖੀਏ। ਬੀਤੇ ਵਰ੍ਹੇ ਵਿੱਚ ਬਹੁਤ ਕੁੱਝ ਅਜਿਹਾ ਵਾਪਰਿਆ ਜਿਸਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ। ਇਜ਼ਰਾਈਲੀ ਹਾਕਮਾਂ ਵੱਲੋਂ ਫ਼ਲਸਤੀਨੀ ਲੋਕਾਂ ਦੇ ਕਤਲੇਆਮ ਅਤੇ ਅਣਮਨੁੱਖੀ ਵਿਵਹਾਰ, ਟਰੰਪ ਵਲੋਂ ਪੂਰੀ ਦੁਨੀਆਂ ਦੇ ਦੇਸ਼ਾਂ ਉੱਪਰ ਮੜ੍ਹੇ ਟੈਰਿਫ ਯੁੱਧ, ਰੂਸੀ-ਯੂਕਰੇਨ ਜੰਗ ਦੌਰਾਨ ਭਿਆਨਕ ਤਬਾਹੀ, ਪੂਰੀ ਦੁਨੀਆਂ ਦੇ ਮੁਲਕਾਂ ਤੇ ਪੰਜਾਬ ਵਿੱਚ ਪਰਵਾਸੀਆਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ, ਭਾਰਤ ਅੰਦਰ ਆਰ ਐਸ ਐਸ ਦੀ ਅਗਵਾਈ ਵਾਲੀ ਭਾਜਪਾ ਵੱਲੋਂ ਆਪਣੇ ਫ਼ਿਰਕੂ ਫਾਸ਼ੀ ਹੱਲੇ ਨੂੰ ਤੇਜ਼ ਕਰਦਿਆਂ ਘੱਟ ਗਿਣਤੀ ਤਬਕਿਆਂ ਖਾਸ ਕਰ ਮੁਸਲਮਾਨਾਂ ਨੂੰ ਗਿਣ ਮਿਥ ਕੇ ਨਿਸ਼ਾਨਾ ਬਨਾਉਣ ਆਦਿ ਤੋਂ ਇਲਾਵਾ ਭਾਰਤ ਦੇ ਸੂਬੇ ਮਨੀਪੁਰ ਵਿੱਚ ਔਰਤਾਂ ਤੇ ਢਾਹੇ ਗਏ ਜਬਰ, ਲੋਕ ਪੱਖੀ ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ ਨੂੰ ਬਿਨ੍ਹਾਂ ਵਜ੍ਹਾ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਰੱਖਣਾ, ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਨਾ ਕਰਨਾ, ਜਲ ਜੰਗਲ਼ ਜ਼ਮੀਨਾਂ ਨੂੰ ਦੇਸੀ-ਬਦੇਸੀ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਆਦਿਵਾਸੀਆਂ/ਮਾਓਵਾਦੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨਾ, ਲੋਕ ਪੱਖੀ ਚੈਨਲਾਂ ਦੇ ਪੱਤਰਕਾਰਾਂ ਤੇ ਬੁੱਧੀਜੀਵੀਆਂ ਤੇ ਦੇਸ਼ ਧ੍ਰੋਹ ਦੇ ਇਲਜ਼ਾਮ ਲਗਾ ਕੇ ਜੇਲ੍ਹਾਂ ਵਿੱਚ ਸੁੱਟਣਾ, ਔਰਤਾਂ ਖ਼ਿਲਾਫ਼ ਸੰਸਥਾਗਤ ਜੁਰਮਾਂ ਦਾ ਵਧਣਾ, ਕਿਸਾਨਾਂ-ਮਜਦੂਰਾਂ ਅਤੇ ਨੌਜਵਾਨਾਂ ਦੀਆਂ ਵਧ ਰਹੀਆਂ ਖ਼ੁਦਕੁਸ਼ੀਆਂ,ਆਦਿ ਇਸ ਪੁਰਾਣੇ ਵਰ੍ਹੇ ਦੇ ਮਾੜੇ ਕਾਰਨਾਮਿਆਂ ਵਿੱਚ ਸ਼ੁਮਾਰ ਹਨ। ਬੀਤੇ ਵਰ੍ਹੇ ਵਿੱਚ ਪੂਰੀ ਦੁਨੀਆਂ ਤੇ ਖ਼ਾਸ ਕਰ ਭਾਰਤ ਵਿੱਚ ਵਧਦੀ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਲੋਕਾਂ ਦਾ ਜਿਉਣਾ ਮੁਹਾਲ ਕੀਤਾ ਹੋਇਆ ਹੈ। ਸਾਮਰਾਜੀ ਮਾਡਲ ਤਹਿਤ ਹੋ ਰਹੇ ਅਣਸਾਵੇਂ ਵਿਕਾਸ ਤਹਿਤ ਵਧਦੀ ਬੇਰੁਜ਼ਗਾਰੀ ਨੇ ਪੂਰੇ ਭਾਰਤ ਵਰਸ਼ ਖਾਸ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਪਰਵਾਸ ਕਰਨ ਲਈ ਮਜ਼ਬੂਰ ਕੀਤਾ ਹੈ। ਇਸੇ ਵਰ੍ਹੇ ਪੰਜਾਬ ਦੇ ਅੰਨ ਦਾਤਾ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦੀ ਨਲਾਇਕੀ ਕਾਰਨ ਮੀਂਹ ਤੇ ਹੜ੍ਹਾਂ ਨੇ ਬੁਰੀ ਤਰ੍ਹਾਂ ਝੰਬਿਆ। ਲੱਖਾਂ ਏਕੜ ਖੜ੍ਹੀ ਫ਼ਸਲ ਬਰਬਾਦ ਹੋਣ ਦੇ ਨਾਲ ਨਾਲ ਮਨੁੱਖੀ ਜ਼ਿੰਦਗੀਆਂ, ਪਸ਼ੂਆਂ ਤੇ ਘਰਾਂ ਦੀ ਬਰਬਾਦੀ ਹੋਈ। ਪਰੰਤੂ ਚੰਗੀ ਗੱਲ ਇਹ ਵਾਪਰੀ ਕਿ ਇਸ ਵਾਰ ਹੜ੍ਹਾਂ ਮਾਰੇ ਲੋਕਾਂ ਦੀ ਬਾਂਹ ਫੜਨ ਲਈ ਕਿਸਾਨ ਜਥੇਬੰਦੀ ਉਗਰਾਹਾਂ ਤੇ ਡਕੌਂਦਾ ਧਨੇਰ ਮੁੱਖ ਤੌਰ ਤੇ ਮੈਦਾਨ ਵਿੱਚ ਆਈਆਂ। ਇਨ੍ਹਾਂ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਦੀਆਂ ਕੁੱਝ ਹੋਰ ਜਥੇਬੰਦੀਆਂ,ਧਾਰਮਿਕ ਸੰਸਥਾਵਾਂ, ਗਾਇਕਾਂ, ਫ਼ਿਲਮੀ ਹਸਤੀਆਂ ਤੇ ਐੱਨਆਰਆਈਜ਼ ਨੇ ਪੀੜਤ ਲੋਕਾਂ ਦੀ ਸਾਰ ਲੈਣ ਲਈ ਮੱਦਦ ਦਾ ਹੱਥ ਵਧਾਇਆ।

ਇਸੇ ਵਰ੍ਹੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਰਾਹੀਂ ਕਿਸਾਨਾਂ ਦੀ ਜ਼ਮੀਨ ਨੂੰ ਹੜੱਪ ਕੇ ਕਾਰਪੋਰੇਟਾਂ ਨੂੰ ਮਾਲੋ ਮਾਲ ਕਰਨ ਦਾ ਯਤਨ ਕੀਤਾ ਗਿਆ । ਪਰੰਤੂ ਪੰਜਾਬ ਦੇ ਲੋਕਾਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਸੰਘਰਸ਼ ਦਾ ਅਜਿਹਾ ਬਿਗਲ ਵਜਾਇਆ ਕਿ ਪੰਜਾਬ ਦੀ ਅਖੌਤੀ ਇਨਕਲਾਬੀ ਸਰਕਾਰ ਨੂੰ ਲੈਂਡ ਪੂਲਿੰਗ ਪਾਲਿਸੀ ਰੱਦ ਕਰਨ ਲਈ ਮਜ਼ਬੂਰ ਹੋਣਾ ਪਿਆ। ਇਸੇ ਵਰ੍ਹੇ ਕੇਂਦਰੀ ਹਕੂਮਤ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਖ਼ੁਦਮੁਖਤਿਆਰੀ ਤੇ ਹਮਲਾ ਕਰਦੇ ਨੋਟੀਫ਼ਿਕੇਸ਼ਨ ਲਿਆਂਦੇ ਗਏ ਪਰੰਤੂ ਵਿਦਿਆਰਥੀ ਜਥੇਬੰਦੀਆਂ ਦੀ ਅਗਵਾਈ ਵਿੱਚ ਲੜੇ ਜਾ ਰਹੇ ਘੋਲ ਨੂੰ ਸੰਯੁਕਤ ਕਿਸਾਨ ਮੋਰਚਾ, ਜਨਤਕ ਜਮਹੂਰੀ ਜਥੇਬੰਦੀਆਂ ਤੇ ਆਮ ਲੋਕਾਂ ਦਾ ਇੰਨਾ ਵੱਡਾ ਸਮਰਥਨ ਮਿਲਿਆ ਕਿ ਕੇਂਦਰ ਦੀ ਭਾਜਪਾ ਹਕੂਮਤ ਨੂੰ ਪਿਛਲਖੁਰੀ ਮੁੜਨਾ ਪਿਆ ।

ਇਸੇ ਵਰ੍ਹੇ ਹੀ ਪੰਜਾਬ ਸਰਕਾਰ ਨੇ ਵੱਖ-ਵੱਖ ਸ਼ਹਿਰਾਂ ਵਿੱਚ ਵੱਖ-ਵੱਖ ਵਿਭਾਗਾਂ ਦੀ ਸਰਕਾਰੀ ਜ਼ਮੀਨ ਨੂੰ ਵੇਚਣ ਲਈ ਕਾਗਜ਼ੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ। ਇਸੇ ਸਾਲ ਦੇ ਆਖ਼ਰੀ ਮਹੀਨੇ ਵਿੱਚ ਸੂਬੇ ਨੂੰ ਆਰਥਿਕ ਪੱਖੋਂ ਮਜ਼ਬੂਤ ਬਣਾਉਣ ਲਈ ਪੈਸੇ ਇਕੱਠੇ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਜਿਸ ਤਹਿਤ ਮਾਲਦਾਰ ਲੋਕਾਂ ਤੋਂ ਫੰਡ ਡੋਨੇਟ ਕਰਵਾਏ ਜਾਣਗੇ। ਬਿਨਾਂ ਸ਼ੱਕ ਮਾਲਦਾਰ ਲੋਕਾਂ ਵੱਲੋਂ ਕੀਤੀ ਗਈ ਡੋਨੇਸ਼ਨ ਕਈ ਗੁਣਾਂ ਹੋਕੇ ਵਾਪਿਸ ਮਾਲਦਾਰ ਲੋਕਾਂ ਕੋਲ ਹੀ ਜਾਵੇਗੀ ਤੇ ਆਮ ਆਦਮੀ ਹੋਰ ਵਧੇਰੇ ਕਰਜ਼ਦਾਰ ਹੋਣਗੇ। ਇਸੇ ਸਾਲ ਪੰਜਾਬ ਅੰਦਰ ਬਠਿੰਡਾ ਜ਼ਿਲ੍ਹੇ ਦੇ ਇੱਕ ਨੌਜਵਾਨ ਅਧਿਆਪਕ ਨੂੰ ਗ੍ਰਿਫ਼ਤਾਰ ਕਰਕੇ ਠਾਣੇ ਅੰਦਰ ਢਾਹੇ ਗਏ ਪੁਲਸੀਆ ਤਸੀਹਿਆਂ ਨਾਲ ਜ਼ਿੰਦਗੀ ਤੋਂ ਹੱਥ ਧੋਣਾ ਪਿਆ। ਇਸੇ ਵਰ੍ਹੇ ਹੀ ਸਿਆਸਤਦਾਨਾਂ ਅਤੇ ਉੱਚ ਅਫ਼ਸਰਸ਼ਾਹੀ ਦੇ ਨਾਪਾਕ ਗੱਠਜੋੜ ਦੁਆਰਾ ਪੰਜਾਬ ਦੇ ਕਿੰਨੇ ਹੀ ਨੌਜਵਾਨਾਂ ਨੂੰ ਚਿੱਟੇ ਨੇ ਆਪਣੀ ਲਪੇਟ ਵਿੱਚ ਲੈਂਦਿਆਂ ਘਰਾਂ ਵਿੱਚ ਸੱਥਰ ਵਿਛਾਏ। ਇਸੇ ਵਰ੍ਹੇ ਹੱਕ ਮੰਗਦੇ ਕਿਸਾਨਾਂ ਨੂੰ ਗੱਲਬਾਤ ਲਈ ਬੁਲਾ ਕੇ ਧੋਖੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਤੇ ਬਾਰਡਰਾਂ ਤੇ ਚੱਲ ਰਹੇ ਕਿਸਾਨਾਂ ਦੇ ਧਰਨਿਆਂ ਨੂੰ ਪੁਲਿਸ ਜਬਰ ਨਾਲ ਖਦੇੜਿਆ ਗਿਆ ਤੇ ਪੁਲਿਸ ਤੇ ਮੌਜੂਦਾ ਸਰਕਾਰ ਦੇ ਕਰਿੰਦਿਆਂ ਵੱਲੋਂ ਕਿਸਾਨਾਂ ਦਾ ਸਮਾਨ ਅਤੇ ਟਰੈਕਟਰ ਟਰਾਲੀਆਂ ਨੂੰ ਚੋਰੀ ਕੀਤਾ ਜਾਂ ਕਰਵਾਇਆ ਗਿਆ। ਇਸੇ ਵਰ੍ਹੇ ਪੰਜਾਬ ਸਰਕਾਰ ਨੇ ਹੱਕ ਮੰਗਦੇ ਕੰਪਿਊਟਰ ਅਧਿਆਪਕਾਂ ਤੇ ਅਤੇ ਹੋਰ ਮੁਲਾਜ਼ਮਾਂ ਤੇ ਲਾਠੀਚਾਰਜ ਕੀਤੇ। ਬੇਰੁਜ਼ਗਾਰਾਂ ਅਧਿਆਪਕਾਂ ਦੇ ਸੰਘਰਸ਼ ਨੂੰ ਤੇ ਹੋਰ ਹੱਕੀ ਸੰਘਰਸ਼ਾਂ ਨੂੰ ਜ਼ਬਰੀ ਖ਼ਤਮ ਕਰਵਾਉਣ ਲਈ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਇਸ ਸਭ ਕੁੱਝ ਦੇ ਬਾਵਜੂਦ ਵੀ ਲੋਕ ਸੰਘਰਸ਼ਾਂ ਦੇ ਮਘਦੇ ਭਖਦੇ ਅਖਾੜਿਆਂ ਨੇ ਕੇਂਦਰੀ ਅਤੇ ਸੂਬਾਈ ਹਾਕਮਾਂ ਨੂੰ ਤਰੇਲੀਆਂ ਲਿਆਂਦੀਆਂ ਹਨ। ਸੋ ਆਓ ਬੀਤੇ ਵਰ੍ਹੇ ਦੀਆਂ ਸਾਰੀਆਂ ਯਾਦਾਂ ਨੂੰ ਪੱਲੇ ਬੰਨਦਿਆਂ, ਸਬਕ ਸਿੱਖਦਿਆਂ ਨਵੇਂ ਵਰ੍ਹੇ ਵਿੱਚ ਸ਼ਾਮਲ ਹੋਣ ਵੇਲੇ ਲੋਕ ਸੰਘਰਸ਼ ਰਾਹੀਂ ਹਾਕਮਾਂ ਨੂੰ ਸਿਖਾਏ ਗਏ ਸਬਕਾਂ ਨੂੰ ਲੜ ਬੰਨ੍ਹਦਿਆਂ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਲਈ ਅੱਗੇ ਵਧਣ ਦੇ ਯਤਨ ਕਰੀਏ।

ਨਵੇਂ ਵਰ੍ਹੇ 2026 ਨੂੰ ਖ਼ੁਸ਼ ਆਮਦੀਦ ਕਹਿੰਦੇ ਹੋਏ ਇੱਕ ਗੱਲ ਹਮੇਸ਼ਾ ਚੇਤੇ ਰੱਖੀਏ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਿਰਫ਼ ਕਲੰਡਰ ਹੀ ਬਦਲ ਰਿਹਾ ਹੈ। ਨਵੇਂ ਵਰ੍ਹੇ ਵਿੱਚ ਵੀ ਹਾਕਮਾਂ ਵੱਲੋਂ ਆਮ ਲੋਕਾਂ ਦੀ ਲੁੱਟ ਵਿੱਚ ਲਾਜ਼ਮੀ ਤੌਰ ਉੱਤੇ ਵਾਧਾ ਹੋਵੇਗਾ, ਬਿਜਲੀ ਬਿੱਲ 2025 ਦੇ ਲਾਗੂ ਹੋਣ ਨਾਲ ਘਰਾਂ ਦੇ ਦੀਵੇ ਵੀ ਬੁਜਣਗੇ, ਕਿਰਤ ਕੋਡ ਲਾਗੂ ਹੋਣ ਨਾਲ ਮਜ਼ਦੂਰਾਂ ਦੀ ਕੰਡ ਹੋਰ ਕੁੱਬੀ ਹੋਣੀ ਹੈ, ਬੀਜ ਬਿੱਲ ਨਾਲ ਕਿਸਾਨ ਤੋਂ ਖ਼ੁਦ ਦਾ ਬੀਜ ਪੈਦਾ ਕਰਨ ਦਾ ਹੱਕ ਖੁੱਸ ਜਾਵੇਗਾ ਤੇ ਵੱਡੀਆਂ ਕੰਪਨੀਆਂ ਬੀਜ ਮਨ ਮਰਜ਼ੀ ਦੇ ਭਾਅ ਤੇ ਵੇਚਣ ਦਾ ਹੱਕ ਹਾਸਲ ਕਰਕੇ ਜ਼ਮੀਨਾਂ ਉੱਪਰ ਕਬਜ਼ਾ ਕਰਨ ਵੱਲ ਵਧਣਗੀਆਂ। ਗ਼ੁਰਬਤ ਮਾਰੀ ਜਨਤਾ ਨੇ ਮਹਿੰਗਾਈ ਦੀ ਚੱਕੀ ਵਿੱਚ ਪਿਛਲੇ ਸਾਲ ਵਾਂਗ ਹੀ ਪਿਸਣਾ ਹੈ, ਪ੍ਰਾਈਵੇਟ ਸਕੂਲਾਂ ਵੱਲੋਂ ਭਾਰੀ ਫ਼ੀਸਾਂ ਵਸੂਲੀਆਂ ਜਾਣੀਆਂ ਜਾਰੀ ਰਹਿਣਗੀਆਂ ਜਾਂ ਹੋਰ ਵੱਧ ਸਕਦੀਆਂ ਹਨ, ਪ੍ਰਾਈਵੇਟ ਹਸਪਤਾਲਾਂ ਵੱਲੋਂ ਲੋਕਾਂ ਦੀ ਲੁੱਟ ਜਾਰੀ ਰਹਿਣੀ ਆ ਆਦਿ ਸਭ ਕੁੱਝ ਪਿਛਲੇ ਵਰਿਆਂ ਦੀ ਤਰ੍ਹਾਂ ਹੀ ਰਹਿਣਾ ਹੈ।ਉਪਰੋਕਤ ਮਸਲਿਆਂ ਦੇ ਪ੍ਰਸੰਗ ਵਿੱਚ ਨਵੇਂ ਵਰ੍ਹੇ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। ਹੇਠ ਲਿਖੇ ਕੁੱਝ ਅਹਿਮ ਕਾਰਜਾਂ ਨੂੰ ਹੱਥ ਲੈਕੇ ਮਹਿਲਕਲਾਂ ਲੋਕ ਘੋਲ,ਇਤਿਹਾਸਕ, ਜੇਤੂ ਦਿੱਲੀ ਕਿਸਾਨ ਘੋਲ ਤੇ ਹੋਰ ਸਾਂਝੇ ਘੋਲਾਂ ਦੇ ਕੀਮਤੀ ਸਬਕ ਗ੍ਰਹਿਣ ਕਰਦਿਆਂ ਅਗਲੀਆਂ ਪੇਸ਼ਕਦਮੀਆਂ ਵੱਲ ਵਧਣ ਦੀ ਲੋੜ ਹੈ।

(1) ਭਾਰਤ ਇੱਕ ਖੇਤੀਬਾੜੀ ਨਿਰਭਰ ਦੇਸ਼ ਹੋਣ ਕਾਰਨ ਦੇਸ਼ ਦੇ ਕਿਸਾਨਾਂ ਨੂੰ ਸੀ2+50% ਮੁਨਾਫ਼ਾ ਫਾਰਮੂਲੇ ਅਨੁਸਾਰ ਸਾਰੀਆਂ ਫਸਲਾਂ 'ਤੇ ਐੱਮਐੱਸਪੀ ਅਤੇ ਸਰਕਾਰੀ ਖ੍ਰੀਦ ਯਕੀਨੀ ਬਣਾਕੇ ਕਿਸਾਨਾਂ ਨੂੰ ਪੈਰਾਂ ਸਿਰ ਕਰਨ

(2) ਸਮਾਜ, ਕਿਸਾਨ ਅਤੇ ਕੁਦਰਤ ਪੱਖੀ ਨਵੀਂ ਖੇਤੀ ਨੀਤੀ ਬਣਾਉਣ

(3) ਵਾਤਾਵਰਨ ਕੇਂਦਰਿਤ ਨੀਤੀਆਂ ਬਣਾਉਣ

(4) ਫ਼ਸਲਾਂ ਦੀ ਉਚਿੱਤ ਸਟੋਰੇਜ਼ ਦਾ ਪ੍ਰਬੰਧ ਕਰਨ

(5) ਬਾਗਬਾਨੀ ਕਾਸ਼ਤ ਵਧਾਕੇ(6) ਵੱਡੀ ਪੱਧਰ ਤੇ ਖੇਤੀ ਅਧਾਰਤ ਛੋਟੇ ਕਾਰਖਾਨੇ ਲਗਾਕੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਨੌਜਵਾਨਾਂ ਨੂੰ ਵੱਡੀ ਪੱਧਰ ਤੇ ਨੌਕਰੀਆਂ ਦੇਣ ਪ੍ਰਬੰਧ ਕਰਨ।


ਨਵੀਂ ਤਕਨਾਲੋਜੀ ਤਹਿਤ ਹਕੀਕੀ ਰੂਪ ਵਿੱਚ ਸਕਿੱਲ ਡਿਵੈਲਪਮੈਂਟ ਵੱਲ ਧਿਆਨ ਦੇਣ , ਏ ਆਈ, ਡਿਜੀਟਲ ਫ਼ਾਈਨਾਂਸ, ਹੈਲਥ ਟੈਕਨੋਲੋਜੀ ਤੇ ਐਗਰੀਕਲਚਰ ਟੈਕਨੋਲੋਜੀ ਅਗਲੇ ਸਮੇਂ ਦਾ ਵੱਡਾ ਸਟਾਰਟਅਪ ਹੋ ਸਕਦਾ ਹੈ। ਸੂਰਜ, ਹਵਾ, ਪਾਣੀ ਤੇ ਗਰੀਨ ਹਾਈਡ੍ਰੋਜਨ ਭਵਿੱਖ ਦੇ ਵੱਡੇ ਊਰਜਾ ਸਰੋਤਾਂ ਦੀ ਵਰਤੋਂ ਕਰਕੇ ਜਿੱਥੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕਦਾ ਹੈ ਉੱਥੇ ਮਹਿੰਗੇ ਊਰਜਾ ਸ੍ਰੋਤਾਂ ਤੇ ਨਿਰਭਰਤਾ ਘਟਾਉਣ ਨਾਲ ਵੱਡੇ ਪੈਮਾਨੇ ਤੇ ਆਰਥਿਕਤਾ ਵਿੱਚ ਮਜ਼ਬੂਤੀ ਲਿਆਂਦੀ ਜਾ ਸਕਦੀ ਹੈ। ਖਾਦ ਤੇ ਪਾਣੀ ਦੀ ਸੁਰੱਖਿਆ ਲਈ ਨਵੀਆਂ ਤਕਨੀਕਾਂ ਵਿਕਸਿਤ ਕਰਕੇ, ਡੇਅਰੀ, ਖੇਤੀਬਾੜੀ ਤੇ ਫ਼ਲ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਕੇ, ਪੰਜਾਬ ਹਰਿਆਣਾ ਯੂਪੀ ਦੇ ਵੱਡੇ ਖੇਤਰ ਵਿੱਚ ਧਰਤੀ ਹੇਠਲੇ ਘਟ ਰਹੇ ਪਾਣੀ ਦੇ ਪੱਧਰ ਨੂੰ ਕੰਟਰੋਲ ਕਰਕੇ ਅਤੇ ਸ਼ਹਿਰਾਂ ਤੇ ਪਿੰਡਾਂ ਵਿਚਲੇ ਸਮਾਜਿਕ ਤੇ ਆਰਥਿਕ ਪਾੜੇ ਨੂੰ ਘਟਾਉਣ ਨਾਲ ਦੇਸ਼ ਨੂੰ ਤਰੱਕੀ ਵੱਲ ਲਿਜਾਇਆ ਸਕਦਾ ਹੈ। ਨਵੇਂ ਵਰ੍ਹੇ 2026 ਵਿੱਚ ਅਖਬਾਰਾਂ ਤੇ ਇਲੈਕਟ੍ਰਾਨਿਕ ਮੀਡੀਆ ਤੋਂ ਆਸ ਕਰਨੀ ਚਾਹੀਦੀ ਹੈ ਕਿ ਉਹ ਲੋਕ ਪੱਖੀ, ਨਿਰਪੱਖ ਤੇ ਨਿਧੜਕ ਹੋ ਕੇ ਆਪਣੇ ਫਰਜ਼ ਨਿਭਾਉਣਗੇ।ਲੋਕਾਂ ਤੋਂ ਇਹ ਆਸ ਕਰਨੀ ਬਣਦੀ ਕਿ ਉਹ ਇਸ ਨਵੇਂ ਵਰ੍ਹੇ ਵਿੱਚ ਹਰ ਗਲਤ ਵਰਤਾਰੇ, ਜਬਰ-ਜ਼ੁਲਮ ਤੇ ਧੱਕੇਸ਼ਾਹੀ ਦੇ ਵਿਰੁੱਧ ਲੋਕ ਏਕਤਾ ਦੀ ਰੋਹਲੀ ਆਵਾਜ਼ ਉਠਾਉਂਦੇ ਰਹਿਣਗੇ।



ਵਲੋਂ:-ਗੁਰਮੀਤ ਸਿੰਘ ਸੁਖਪੁਰ (+91 9465915763,+1 (437)967 0043)


SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।





ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910

Charlie Sandhu: 604-864-7711

FRASERVIEW MEATS

The Name of Guaranteed Quality Meats







Number One Quality Meat in Lower Mainland

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

604-592-2900

#102-12047-80th Ave. Surrey (Besides Mega Fruticana)

www.fraserviewmeats.com

# ਫਰਾਂਸ ਦੇ ਰਾਸ਼ਟਰਪਤੀ ਭਵਨ ’ਚ ਲੱਖਾਂ ਦੀ ਚੋਰੀ

ਫਰਾਂਸ : ਫਰਾਂਸ ਵਿਚ ਚੋਰੀ ਦੀ ਇਕ ਵੱਡੀ ਘਟਨਾ ਵਾਪਰੀ ਐ, ਜਿਸ ਨੂੰ ਸੁਣ ਕੇ ਹਰ ਕੋਈ ਹੈਰਾਨ ਹੋ ਰਿਹੈ। ਦਰਅਸਲ ਇਹ ਚੋਰੀ ਕਿਸੇ ਆਮ ਘਰ ਵਿਚ ਨਹੀਂ ਬਲਕਿ ਰਾਸ਼ਟਰਪਤੀ ਭਵਨ ਵਿਚ ਹੋਈ ਐ,, ਉਹ ਵੀ ਦਿਨ ਦਿਹਾੜੇ। ਇਹ ਏਲੀਜ਼ੀ ਪੈਲੇਸ ਵਜੋਂ ਜਾਣਿਆ ਜਾਂਦਾ ਇਹ ਭਵਨ ਰਾਸ਼ਟਰਪਤੀ ਇਮੈਨੁਅਨ ਮੈਕਰੋਂ ਦਾ ਸਰਕਾਰੀ ਨਿਵਾਸ ਐ, ਜਿੱਥੋਂ ਚੋਰਾਂ ਨੇ ਚਾਂਦੀ ਦੇ ਭਾਂਡੇ ਚੋਰੀ ਕਰ ਲਏ, ਜਿਨ੍ਹਾਂ ਦੀ ਕੀਮਤ 42 ਲੱਖ ਰੁਪਏ ਦੱਸੀ ਜਾ ਰਹੀ ਐ।

ਇਕ ਰਿਪੋਰਟ ਮੁਤਾਬਕ ਜਦੋਂ ਏਲੀਜ਼ੀ ਪੈਲੇਸ ਦੇ ਮੁੱਖ ਪ੍ਰਬੰਧ ਨੇ ਪੁਲਿਸ ਨੂੰ ਚੋਰੀ ਹੋਏ ਸਮਾਨ ਦੀ ਸੂਚਨਾ ਦਿੱਤੀ ਤਾਂ ਪੁਲਿਸ ਨੇ ਤੁਰੰਤ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਅਨੁਮਾਨ ਲਗਾਇਆ ਜਾ ਰਿਹਾ ਏ ਕਿ ਰਾਸ਼ਟਰਪਤੀ ਭਵਨ ‘ਚੋਂ 40-42 ਲੱਖ ਦੇ ਕਰੀਬ ਦਾ ਸਮਾਨ ਚੋਰੀ ਹੋਇਆ ਏ। ਜਾਂਚ ਕਰਤਾਵਾਂ ਨੇ ਜਦੋਂ ਸਟਾਫ਼ ਕੋਲੋਂ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਨੂੰ ਇਕ ਪ੍ਰਬੰਧਕ ‘ਤੇ ਸ਼ੱਕ ਹੋਇਆ। ਮਾਮਲੇ ਦੇ ਤਾਰ ਪ੍ਰਬੰਧਕ ਨਾਲ ਜਾ ਕੇ ਜੁੜੇ, ਜਿਸ ਦਾ ਨਾਮ ਥਾਮਸ ਐ। ਪਤਾ ਚੱਲਿਆ ਏ ਕਿ ਊਹ ਇਕ ਆਨਲਾਈਨ ਵਿਕਰੀ ਵਿਚ ਮੁਹਾਰਤ ਰੱਖਣ ਵਾਲੀ ਕੰਪਨੀ ਦੇ ਸੰਪਰਕ ਵਿਚ ਸੀ।ਸ਼ੱਕ ਪੁਖ਼ਤਾ ਹੋਣ ‘ਤੇ ਥਾਮਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਉਸ ਦੇ ਨਾਲ ਦੋ ਹੋਰ ਲੋਕਾਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ, ਜਿਨ੍ਹਾਂ ਨੂੰ ਚਾਂਦੀ ਦੇ ਪੁਰਾਣੇ ਬਰਤਨ ਇਕੱਠੇ ਕਰਨ ਦਾ ਸ਼ੌਕ ਐ। ਇਸ ਦੌਰਾਨ ਥਾਮਸ ਦੇ ਲਾਕਰ, ਗੱਡੀ ਅਤੇ ਉਸ ਦੇ ਘਰ ਤੋਂ ਲਗਭਗ 100 ਵਸਤੂਆਂ ਬਰਾਮਦ ਹੋਈਆਂ।

# ਬਰੈਂਪਟਨ ਦੀਆਂ ਸੜਕਾਂ ਕਿੰਨੀਆਂ ਸੁਰੱਖਿਅਤ? ਭਾਰਤੀ ਵਿਦਿਆਰਥੀ ਦੀ ਬੰਦੂਕ ਵਾਲੀ ਵੀਡੀਓ ਨਾਲ ਕੈਨੇਡਾ ਵਿੱਚ ਜਾਂਚ ਸ਼ੁਰੂ

ਟਰਾਂਟੋ:- ਕੈਨੇਡਾ ਦੇ ਸ਼ਹਿਰ ਬ੍ਰੈਂਪਟਨ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ, ਜਦੋਂ ਇੱਕ ਭਾਰਤੀ ਅੰਤਰਰਾਸ਼ਟਰੀ ਵਿਦਿਆਰਥੀ ਦੀ ਬੰਦੂਕ ਨਾਲ ਬਣੀ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਹੋ ਗਈ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਕੈਨੇਡੀਅਨ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਰਿਪੋਰਟਾਂ ਮੁਤਾਬਕ, ਵੀਡੀਓ ਵਿੱਚ ਨੌਜਵਾਨ ਨੂੰ ਸਰਬਜਨਿਕ ਥਾਂ ‘ਤੇ ਬੰਦੂਕ ਦਿਖਾਉਂਦੇ ਹੋਏ ਦੇਖਿਆ ਗਿਆ, ਜਿਸ ਕਾਰਨ ਲੋਕਾਂ ਵਿੱਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਹੋਈ। ਪੁਲਿਸ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਇਹ ਪਤਾ ਲਗਾ ਰਹੇ ਹਨ ਕਿ ਬੰਦੂਕ ਕਾਨੂੰਨੀ ਸੀ ਜਾਂ ਨਹੀਂ ਅਤੇ ਕੀ ਕਿਸੇ ਕਾਨੂੰਨ ਦੀ ਉਲੰਘਣਾ ਹੋਈ ਹੈ।ਇਸ ਘਟਨਾ ਤੋਂ ਬਾਅਦ ਬ੍ਰੈਂਪਟਨ ਦੀਆਂ ਸੜਕਾਂ ਦੀ ਸੁਰੱਖਿਆ ‘ਤੇ ਸਵਾਲ ਖੜੇ ਹੋ ਗਏ ਹਨ। ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਨਾਲ ਕਮਿਊਨਿਟੀ ਵਿੱਚ ਡਰ ਦਾ ਮਾਹੌਲ ਬਣਦਾ ਹੈ ਅਤੇ ਸਖ਼ਤ ਕਾਰਵਾਈ ਦੀ ਲੋੜ ਹੈ।ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫ਼ਵਾਹਾਂ ‘ਤੇ ਧਿਆਨ ਨਾ ਦੇਣ ਅਤੇ ਜੇ ਕਿਸੇ ਕੋਲ ਇਸ ਮਾਮਲੇ ਨਾਲ ਜੁੜੀ ਜਾਣਕਾਰੀ ਹੋਵੇ ਤਾਂ ਅਧਿਕਾਰੀਆਂ ਨਾਲ ਸਾਂਝੀ ਕਰਨ।

# ਰੇਪ ਕੇਸ ’ਚ ਸਾਬਕਾ ਵਿਧਾਇਕ ਦੀ ਸਜ਼ਾ ਮੁਅੱਤਲ, ਜ਼ਮਾਨਤ ਹੋ ਗਈ

ਨਵੀਂ ਦਿੱਲੀ: ਉਨਾਓ ਰੇਪ ਕੇਸ ਵਿੱਚ ਮੌਤ ਤੱਕ ਉਮਰ ਕੈਦ ਭੁਗਤ ਰਹੇ ਯੂ ਪੀ ਦੇ ਸਾਬਕਾ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਦੀ ਸਜ਼ਾ ਦਿੱਲੀ ਹਾਈ ਕੋਰਟ ਨੇ ਮੰਗਲਵਾਰ ਮੁਅੱਤਲ ਕਰਕੇ ਉਸ ਨੂੰ ਜ਼ਮਾਨਤ ਦੇ ਦਿੱਤੀ। ਜਸਟਿਸ ਸੁਬਰਾਮਨੀਅਮ ਪ੍ਰਸਾਦ ਤੇ ਜਸਟਿਸ ਹਰੀਸ਼ ਵੈਦਿਆਨਾਥਨ ਸ਼ੰਕਰ ਦੀ ਬੈਂਚ ਨੇ ਉਸ ਨੂੰ ਜੇਲ੍ਹੋਂ ਬਾਹਰ ਨਿਕਲਣ ਲਈ 15 ਲੱਖ ਰੁਪਏ ਦਾ ਨਿੱਜੀ ਮੁਚੱਲਕਾ ਅਤੇ ਓਨੀ ਹੀ ਰਕਮ ਦੀਆਂ ਤਿੰਨ ਜ਼ਾਮਨੀਆਂ ਭਰਨ ਦਾ ਨਿਰਦੇਸ਼ ਦਿੱਤਾ। ਬੈਂਚ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਉਹ ਪੀੜਤਾ ਦੇ ਘਰ ਦੇ ਪੰਜ ਕਿੱਲੋਮੀਟਰ ਦੇ ਦਾਇਰੇ ਵਿੱਚ ਨਹੀਂ ਵੜੇਗਾ ਅਤੇ ਨਾ ਹੀ ਉਸ ਨੂੰ ਜਾਂ ਉਸ ਦੀ ਮਾਂ ਨੂੰ ਧਮਕਾਏਗਾ। ਖਿਲਾਫਵਰਜ਼ੀ ’ਤੇ ਜ਼ਮਾਨਤ ਰੱਦ ਕਰ ਦਿੱਤੀ ਜਾਵੇਗੀ।

# ਪਾਂਚਨ ਸਿੰਘ ਮਹਿ ਮੇਰੋ ਵਾਸਾ

## ਗੁਰੂ ਸਾਹਿਬ ਜੀ ਨੇ ਪੰਜਾਂ ਸਿੰਘਾਂ ਦਾ ਬੇਨਤੀ ਰੂਪੀ ਹੁਕਮ ਮੰਨਿਆ


8 ਅਤੇ 9 ਪੋਹ ਦੀ ਰਾਤ ਨੂੰ ਜਦੋਂ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਥ ਦੇ ਹੁਕਮ ਨੂੰ ਸਿਰ ਮੱਥੇ ਮੰਨਿਆ ਅਤੇ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਅੱਗੇ ਵਧਣ ਦਾ ਫ਼ੈਸਲਾ ਕੀਤਾ, ਉਹ ਪਲ ਸਿਰਫ਼ ਇੱਕ ਰਣਨੀਤਕ ਚਾਲ ਨਹੀਂ ਸੀ, ਬਲਕਿ ਸਿੱਖ ਇਤਿਹਾਸ ਦਾ ਇਕ ਅਮਰ ਅਧਿਆਇ ਬਣ ਗਿਆ। ਉਹ ਰਾਤ ਗੜ੍ਹੀ ਦੀਆਂ ਕੰਧਾਂ ਵਿਚ ਸਿਰਫ਼ ਖਾਮੋਸ਼ੀ ਨਹੀਂ ਸੀ, ਸਗੋਂ ਕੁਰਬਾਨੀ ਦੀ ਗੂੰਜ, ਧਰਮ ਦੀ ਲਾਜ ਅਤੇ ਪੰਥ ਦੀ ਬਚਾਵ ਲਈ ਲਿਆ ਗਿਆ ਅਡੋਲ ਸੰਕਲਪ ਵੱਸਦਾ ਸੀ। ਦੁਸ਼ਮਣਾਂ ਨੂੰ ਆਪਣੀ ਮੌਜੂਦਗੀ ਦਾ ਭੁਲੇਖਾ ਪਾਉਣ ਲਈ, ਦਸਮੇਸ਼ ਪਿਤਾ ਜੀ ਨੇ ਆਪਣੇ ਬਚਪਨ ਦੇ ਅਤਿ ਪਿਆਰੇ ਸਾਥੀ, ਅਟੱਲ ਸ਼ਰਧਾ ਅਤੇ ਅਸੀਮ ਨਿਭਾਵਾਂ ਦੇ ਪ੍ਰਤੀਕ ਭਾਈ ਸੰਗਤ ਸਿੰਘ ਜੀ ਨੂੰ ਆਪਣੀ ਪਵਿੱਤਰ ਪੌਸ਼ਾਕ ਪਹਿਨਾਈ। ਗੁਰੂ ਸਾਹਿਬ ਨੇ ਆਪਣੇ ਸੀਸ ਉੱਤੇ ਸਜੀ ਹੀਰਿਆਂ ਨਾਲ ਜੜ੍ਹੀ ਹੋਈ ਕਲਗੀ ਲਾਹ ਕੇ, ਭਾਈ ਸੰਗਤ ਸਿੰਘ ਜੀ ਦੇ ਸੀਸ ਉੱਤੇ ਸਜਾ ਦਿੱਤੀ। ਉਸ ਪਲ ਭਾਈ ਸੰਗਤ ਸਿੰਘ ਜੀ ਸਿਰਫ਼ ਰੂਪ ਵਿਚ ਹੀ ਨਹੀਂ, ਸਗੋਂ ਆਤਮਾ, ਹੌਂਸਲੇ ਅਤੇ ਦ੍ਰਿੜ ਨਿਸ਼ਚੇ ਵਿਚ ਵੀ ਗੁਰੂ ਰੂਪ ਹੋ ਗਏ। ਇਹ ਕਰਤੱਬ ਗੁਰੂ ਦੀ ਅਸਧਾਰਣ ਦਇਆ, ਸਿੱਖ ਦੀ ਅਤੁੱਲ ਭਗਤੀ ਅਤੇ “ਗੁਰੂ-ਸਿੱਖ” ਦੀ ਅਟੁੱਟ ਏਕਤਾ ਦਾ ਜਿਊਂਦਾ ਜਾਗਦਾ ਪ੍ਰਮਾਣ ਸੀ। ਗੜ੍ਹੀ ਦੇ ਅੰਦਰ ਭਾਈ ਸੰਤ ਸਿੰਘ, ਭਾਈ ਕਾਹਨਾ ਸਿੰਘ, ਭਾਈ ਰਾਮ ਸਿੰਘ, ਭਾਈ ਕੇਹਰ ਸਿੰਘ, ਭਾਈ ਦੇਵਾ ਸਿੰਘ, ਭਾਈ ਜਿਉਣ ਸਿੰਘ ਅਤੇ ਭਾਈ ਸੰਤੋਖ ਸਿੰਘ ਵਰਗੇ ਸੱਤ ਅਡੋਲ ਸੂਰਮੇ ਭਾਈ ਸੰਗਤ ਸਿੰਘ ਜੀ ਨਾਲ ਡਟੇ ਰਹੇ। ਉਹ ਜਾਣਦੇ ਸਨ ਕਿ ਇਹ ਰਾਹ ਵਾਪਸੀ ਦਾ ਨਹੀਂ, ਇਹ ਸ਼ਹੀਦੀ ਦਾ ਰਾਹ ਹੈ। ਫਿਰ ਵੀ ਉਹਨਾਂ ਦੇ ਚਿਹਰਿਆਂ ‘ਤੇ ਡਰ ਨਹੀਂ, ਸਗੋਂ ਗੁਰੂ ਪ੍ਰੇਮ, ਸਿੱਖੀ ਦੀ ਲਾਜ ਅਤੇ ਕੁਰਬਾਨੀ ਦੀ ਚਮਕ ਸੀ। ਉਹ ਹਰ ਸਾਹ ਨਾਲ “ਵਾਹਿਗੁਰੂ” ਦਾ ਸਿਮਰਨ ਕਰਦੇ, ਆਪਣੀ ਜਾਨ ਪੰਥ ਦੇ ਚਰਨਾਂ ਵਿਚ ਅਰਪਣ ਕਰਨ ਲਈ ਤਿਆਰ ਖੜੇ ਸਨ। 9 ਪੋਹ ਦੇ ਪਵਿੱਤਰ ਦਿਨ, ਜਦੋਂ ਮੁਗਲ ਸੈਨਾ ਨੇ ਗੜ੍ਹੀ ‘ਤੇ ਹਮਲਾ ਕੀਤਾ, ਇਹ ਅੱਠੇ ਸਿੰਘ ਬਿਜਲੀਆਂ ਵਾਂਗੂ ਟੁੱਟ ਪਏ। ਗਿਣਤੀ ਵਿੱਚ ਘੱਟ, ਪਰ ਹੌਂਸਲੇ ਵਿਚ ਬੇਅੰਤ, ਉਹ ਹਰ ਵਾਰ ਦੁਸ਼ਮਣ ਦੀ ਕਤਾਰਾਂ ਨੂੰ ਹਿਲਾ ਦੇਂਦੇ ਰਹੇ। ਅੰਤ ਨੂੰ, ਗੁਰੂ ਦੇ ਬਚਨ ਮੱਥੇ ਧਰ ਕੇ, ਉਹ ਇਕ-ਇਕ ਕਰਕੇ ਧਰਮ, ਸੱਚ ਅਤੇ ਸਿੱਖੀ ਦੀ ਆਨ-ਸ਼ਾਨ ਲਈ ਸ਼ਹਾਦਤ ਦਾ ਜਾਮ ਪੀ ਗਏ। ਉਹਨਾਂ ਦੀ ਲਹੂ ਨਾਲ ਭਿੱਜੀ ਮਿੱਟੀ ਅੱਜ ਵੀ ਚਮਕੌਰ ਦੀ ਧਰਤੀ ‘ਤੇ ਕੁਰਬਾਨੀ ਦੀ ਖੁਸ਼ਬੂ ਫੈਲਾ ਰਹੀ ਹੈ। ਇਹ ਘਟਨਾ ਸਾਨੂੰ ਸਿਖਾਉਂਦੀ ਹੈ ਕਿ ਸਿੱਖੀ ਸਿਰਫ਼ ਬੋਲ ਨਹੀਂ, ਕਰਤੱਬ ਹੈ; ਸਿਰਫ਼ ਵਿਸ਼ਵਾਸ ਨਹੀਂ, ਕੁਰਬਾਨੀ ਹੈ। ਚਮਕੌਰ ਦੀ ਗੜ੍ਹੀ ਵਿਚ ਹੋਈ ਇਹ ਅਮਰ ਲੀਲਾ ਸਦਾ ਯਾਦ ਦਿਵਾਉਂਦੀ ਰਹੇਗੀ ਕਿ ਜਿੱਥੇ ਗੁਰੂ ਦਾ ਹੁਕਮ ਹੋਵੇ, ਉੱਥੇ ਸਿੱਖ ਦੀ ਜਾਨ ਵੀ ਸੌਖੀ ਲੱਗਦੀ ਹੈ। ਦਾਸ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਹਮੇਸ਼ਾ ਹੀ ਨਮਸਕਾਰ ਨਮਸਕਾਰ ਨਮਸਕਾਰ ਕਰਦਾ ਰਹੇਗਾ।

**-ਗੁਰੂ ਪੰਥ ਦਾ ਦਾਸ**
**ਬਾਬਾ ਮੁਖਤਿਆਰ ਸਿੰਘ ਮੁਖੀ,ਟੋਡਰਵਾਲ**
**ਵਿਦਿਆਰਥੀ ਦਮਦਮੀ ਟਕਸਾਲ**

# 8 ਕਰੋੜ ਰੁਪਏ ਦੀ ਠੱਗੀ ਦਾ ਸ਼ਿਕਾਰ

## ਪੰਜਾਬ ਦੇ ਸਾਬਕਾ IPS ਅਧਿਕਾਰੀ ਅਮਰ ਸਿੰਘ ਚਾਹਲ ਨੇ ਖੁਦ ਨੂੰ ਗੋਲੀ ਮਾਰੀ

ਫਿਰੋਜ਼ਪੁਰ:-ਪੰਜਾਬ ਤੋਂ ਇੱਕ ਦਰਦਨਾਕ ਖ਼ਬਰ ਸਾਹਮਣੇ ਆਈ ਹੈ, ਜਿੱਥੇ ਸਾਬਕਾ ਪੁਲਿਸ ਅਧਿਕਾਰੀ ਅਮਰ ਸਿੰਘ ਚਾਹਲ ਨੇ ਖੁਦ ਨੂੰ ਗੋਲੀ ਮਾਰ ਕੇ ਆਪਣੀ ਜਾਨ ਲੈਣ ਦੀ ਕੋਸ਼ਿਸ਼ ਕੀਤੀ। ਜਾਣਕਾਰੀ ਮੁਤਾਬਕ, ਅਮਰ ਸਿੰਘ ਚਾਹਲ ਕਥਿਤ ਤੌਰ ‘ਤੇ ਕਰੀਬ 8 ਕਰੋੜ ਰੁਪਏ ਦੀ ਠੱਗੀ ਦਾ ਸ਼ਿਕਾਰ ਹੋਏ ਸਨ, ਜਿਸ ਕਾਰਨ ਉਹ ਮਾਨਸਿਕ ਤਣਾਅ ਵਿੱਚ ਸਨ।ਸੂਤਰਾਂ ਅਨੁਸਾਰ, ਇਹ ਘਟਨਾ ਉਨ੍ਹਾਂ ਦੇ ਨਿਵਾਸ ਸਥਾਨ ‘ਤੇ ਵਾਪਰੀ। ਗੋਲੀ ਲੱਗਣ ਤੋਂ ਬਾਅਦ ਉਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਤੁਰੰਤ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਦੀ ਟੀਮ ਉਨ੍ਹਾਂ ਦਾ ਇਲਾਜ ਕਰ ਰਹੀ ਹੈ। ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਠੱਗੀ ਨਾਲ ਜੁੜੇ ਸਾਰੇ ਪੱਖਾਂ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਠੱਗੀ ਕਿਸ ਤਰ੍ਹਾਂ ਅਤੇ ਕਿਨ੍ਹਾਂ ਵੱਲੋਂ ਕੀਤੀ ਗਈ।ਇਸ ਘਟਨਾ ਨੇ ਸੂਬੇ ਭਰ ਵਿੱਚ ਹਲਚਲ ਮਚਾ ਦਿੱਤੀ ਹੈ। ਸਾਬਕਾ ਪੁਲਿਸ ਅਧਿਕਾਰੀ ਨਾਲ ਹੋਈ ਵੱਡੀ ਵਿੱਤੀ ਠੱਗੀ ਨੇ ਕਾਨੂੰਨ-ਵਿਵਸਥਾ ਅਤੇ ਧੋਖਾਧੜੀ ਦੇ ਮਾਮਲਿਆਂ ‘ਤੇ ਵੀ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ।ਪੁਲਿਸ ਦਾ ਕਹਿਣਾ ਹੈ ਕਿ ਜਾਂਚ ਪੂਰੀ ਹੋਣ ਤੋਂ ਬਾਅਦ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।




# ਕਮਲਜੀਤ ਕੌਰ ਸੰਧੂ:ਏਸ਼ੀਆਈ ਖੇਡਾਂ 'ਚ ਪਹਿਲਾ ਸੋਨ ਤਗਮਾ ਜਿੱਤਣ ਵਾਲੀ ਪੰਜਾਬਣ





ਅਜੋਕੇ ਸਮੇਂ ਸਾਡੇ ਕੋਲ ਖੇਡਾਂ ਦੀ ਦੁਨੀਆਂ ਵਿੱਚ ਚਮਕ ਰਹੀਆਂ ਭਾਰਤੀ ਕੁੜੀਆਂ ਦੀਆਂ ਬੇਸ਼ੁਮਾਰ ਉਦਾਹਰਨਾਂ ਹਨ, ਜਿਨ੍ਹਾਂ ਨੇ ਦੁਨੀਆਂ ਦੇ ਵੱਕਾਰੀ ਖ਼ਿਤਾਬ ਆਪਣੇ ਨਾਮ ਕੀਤੇ ਅਤੇ ਕਰ ਰਹੀਆਂ ਹਨ।

ਕ੍ਰਿਕਟ, ਹਾਕੀ, ਟੈਨਿਸ, ਐਥਲੈਟਿਕਸ, ਨਿਸ਼ਾਨੇਬਾਜ਼ੀ, ਮੁੱਕੇਬਾਜ਼ੀ ਜਾਂ ਕੋਈ ਵੀ ਹੋਰ ਖੇਡ ਹੋਵੇ ਭਾਰਤੀ ਕੁੜੀਆਂ ਪੂਰੇ ਦੇਸ਼ ਦਾ ਸਿਰ ਮਾਣ ਨਾਲ ਉੱਚਾ ਕਰ ਰਹੀਆਂ ਹਨ।

ਇੱਥੇ ਅੱਜ ਅਸੀਂ ਉਸ ਖਿਡਾਰਣ ਬਾਰੇ ਜਾਣਾਂਗੇ ਜੋ ਉਨ੍ਹਾਂ ਚੌਣਵੀਆਂ ਬੀਬੀਆਂ ਵਿੱਚੋਂ ਹੈ ਜਿਨ੍ਹਾਂ ਨੇ ਭਾਰਤੀ ਕੁੜੀਆਂ ਨੂੰ ਖੇਡਾਂ ਦੀ ਦੁਨੀਆਂ ਵਿੱਚ ਜਾਣ ਦਾ ਰਾਹ ਦਿਖਾਇਆ। ਅਸੀਂ ਗੱਲ ਕਰ ਰਹੇ ਹਾਂ ਸਾਲ 1970 ਦੀਆਂ ਏਸ਼ੀਅਨ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਵਾਲੀ ਪਹਿਲੀ ਮਹਿਲਾ ਭਾਰਤੀ ਦੌੜਾਕ ਕਮਲਜੀਤ ਸੰਧੂ ਦੀ।

ਕਮਲਜੀਤ ਸੰਧੂ ਦਾ ਜਨਮ ਸਾਲ 1948 ਵਿੱਚ ਡਿਫੈਂਸ ਸੇਵਾਵਾਂ ਨਾਲ ਜੁੜੇ ਜ਼ਿਮੀਂਦਾਰ ਪਰਿਵਾਰ ਵਿੱਚ ਹੋਇਆ। ਪਰਿਵਾਰ ਦਾ ਪਿਛੋਕੜ ਸ੍ਰੀ ਗੰਗਾਨਗਰ ਨਾਲ ਸਬੰਧਤ ਹੈ। ਉਨ੍ਹਾਂ ਦੇ ਪਿਤਾ ਫੌਜ ਤੋਂ ਕਰਨਲ ਰਿਟਾਇਰ ਹੋਏ ਅਤੇ ਆਪਣੇ ਸਮੇਂ ਵਿੱਚ ਬਿਹਤਰੀਨ ਹਾਕੀ ਖਿਡਾਰੀ ਸਨ। ਪਿਤਾ ਫੌਜ ਵਿੱਚ ਹੋਣ ਕਰਕੇ ਕਮਲਜੀਤ ਦਾ ਬਚਪਨ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬੀਤਿਆ। ਉਨ੍ਹਾਂ ਨੇ ਸਿਕੰਦਰਾਬਾਦ, ਡਲਹੌਜ਼ੀ, ਅੰਮ੍ਰਿਤਸਰ ਤੇ ਗਵਾਲੀਅਰ ਦੇ ਸਕੂਲਾਂ ਤੋਂ ਪੜ੍ਹਾਈ ਕੀਤੀ। ਫਿਰ ਅੱਗੇ ਦੀ ਪੜ੍ਹਾਈ ਕਮਲਜੀਤ ਨੇ ਕੁੜੀਆਂ ਦੇ ਸਰਕਾਰੀ ਕਾਲਜ (ਜੀਸੀਡਬਲਯੂ) ਚੰਡੀਗੜ੍ਹ ਤੋਂ ਕੀਤੀ। ਕਮਲਜੀਤ, ਚਾਰ ਭੈਣਾਂ ਸਨ। ਸਾਰਿਆਂ ਵਿੱਚ ਕਮਲਜੀਤ ਬਚਪਨ ਤੋਂ ਹੀ ਭੱਜ-ਦੌੜ ਵਿੱਚ ਰੁਚੀ ਰੱਖਦੇ ਸਨ।

ਕਮਲਜੀਤ ਮੰਨਦੇ ਹਨ ਕਿ ਸ਼ਾਇਦ ਪਿਤਾ ਤੋਂ ਹੀ ਉਨ੍ਹਾਂ ਅੰਦਰ ਇੱਕ ਖਿਡਾਰੀ ਵਜੋਂ ਕੁਦਰਤੀ ਪ੍ਰਤਿਭਾ ਆਈ ਸੀ, ਜਿਸ ਕਾਰਨ ਸਕੂਲ ਕਾਲਜ ਵਿੱਚ ਉਨ੍ਹਾਂ ਨੂੰ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਕਿਹਾ ਜਾਂਦਾ।

ਪਹਿਲੀ ਦੌੜ ਜੋ ਕਮਲਜੀਤ ਨੂੰ ਯਾਦ ਹੈ, ਉਸ ਸੀ ਜੋ ਉਨ੍ਹਾਂ ਨੇ ਸਿਕੰਦਰਾਬਾਦ ਦੇ ਸੇਂਟ ਐਨ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਦਿਆਂ ਸਕੂਲ ਦੇ ਦੌੜ ਮੁਕਾਬਲੇ ਦੌਰਾਨ ਲਗਾਈ ਸੀ।

ਕਮਲਜੀਤ ਸੰਧੂ ਨੇ ਉਸ ਦੌੜ ਬਾਰੇ ਯਾਦ ਕਰਦਿਆਂ ਦੱਸਿਆ, "ਮੈਨੂੰ ਜ਼ਿਆਦਾ ਸਮਝ ਨਹੀਂ ਸੀ। ਮੈਨੂੰ ਕਿਹਾ ਗਿਆ ਕਿ ਗੰਨਸ਼ੌਟ ਦੀ ਅਵਾਜ਼ ਸੁਣਦਿਆਂ ਹੀ ਭੱਜਣਾ ਹੈ ਜਿਨ੍ਹਾਂ ਤੇਜ਼ ਭੱਜ ਸਕੋ। ਮੁਕਾਬਲੇ ਵਿੱਚ ਨੌਵੀਂ-ਦਸਵੀਂ ਦੀਆਂ ਕੁੜੀਆਂ ਸਨ। ਮੈਂ ਉਨ੍ਹਾਂ ਨੂੰ 50 ਮੀਟਰ ਪਿੱਛੇ ਛੱਡ ਦਿੱਤਾ ਸੀ।"

ਜਦੋਂ ਕਮਲਜੀਤ ਚੰਡੀਗੜ੍ਹ 'ਚ ਕੁੜੀਆਂ ਦੇ ਸਰਕਾਰੀ ਕਾਲਜ ਵਿੱਚ ਪੜ੍ਹਦੇ ਸਨ ਤਾਂ ਕਾਲਜ ਦੇ ਅਧਿਆਪਕ ਉਨ੍ਹਾਂ ਨੂੰ ਕਪੂਰਥਲਾ ਵਿੱਚ ਹੋ ਰਹੇ ਇੱਕ ਕੌਮੀ ਪੱਧਰ ਦੇ ਦੌੜ ਮੁਕਾਬਲੇ ਲਈ ਲੈ ਗਏ। ਇਹ ਦੌੜ ਮੁਕਾਬਲਾ ਕਮਲਜੀਤ ਸੰਧੂ ਦੀ ਜ਼ਿੰਦਗੀ ਦਾ ਅਹਿਮ ਪੜ੍ਹਾਅ ਰਿਹਾ। ਕਮਲਜੀਤ ਸੰਧੂ ਨੇ ਦੱਸਿਆ, "ਕੌਮੀ ਪੱਧਰ 'ਤੇ ਖੇਡਣ ਵਾਲੀਆਂ ਖਿਡਾਰਣਾਂ ਵਾਰਮ-ਅਪ ਕਰ ਰਹੀਆਂ ਸਨ ਅਤੇ ਮੈਂ ਟਰੈਕ ਦੇ ਕਿਨਾਰੇ ਘਾਹ 'ਤੇ ਬੈਠੀ ਸੀ। ਮੈਂ ਕਿਹਾ, ਮੈਡਮ, ਇਹ ਕੁੜੀਆਂ ਕੀ ਕਰ ਰਹੀਆਂ ਹਨ? ਉਨ੍ਹਾਂ ਨੇ ਕਿਹਾ, ਪਤਾ ਨਹੀਂ। ਮੈਂ ਕਿਹਾ, ਹਾਂ ਹਾਂ ਉਨ੍ਹਾਂ ਨੂੰ ਕਰੀ ਜਾਣ ਦਿਓ। ਉਹ ਵਾਰਮ-ਅਪ ਕਰ ਰਹੀਆਂ ਸਨ ਅਤੇ ਮੈਂ ਬਸ ਬੈਠੀ ਸੀ। ਮੈਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਵਾਰਮ-ਅਪ ਕਰਨਾ ਪੈਂਦਾ ਹੈ।"

ਕਮਲਜੀਤ ਨੇ ਦੱਸਿਆ ਕਿ ਜਦੋਂ ਉਹ ਇਸ ਮੁਕਾਬਲੇ ਵਿੱਚ ਪਹੁੰਚੇ ਸਨ ਤਾਂ ਉਨ੍ਹਾਂ ਨੂੰ ਕੋਈ ਟਰੇਨਿੰਗ ਨਹੀਂ ਮਿਲੀ ਹੋਈ ਸੀ।

ਉਨ੍ਹਾਂ ਦੱਸਿਆ ਕਿ ਜਦੋਂ ਦੌੜ ਸ਼ੁਰੂ ਹੋਈ ਤਾਂ 200-250 ਮੀਟਰ ਤੱਕ ਉਹ ਬਾਕੀ ਖਿਡਾਰਣਾਂ ਤੋਂ ਅੱਗੇ ਸਨ, ਜਦੋਂ 40-50 ਮੀਟਰ ਦੀ ਦੌੜ ਬਚੀ ਸੀ ਤਾਂ ਉਹ ਅਚਾਨਕ ਹੇਠਾਂ ਡਿੱਗ ਗਏ। ਉਨ੍ਹਾਂ ਦੱਸਿਆ, "ਮੈਨੂੰ ਅਵਾਜ਼ਾਂ ਮਾਰ ਕੇ ਉੱਠਣ ਲਈ ਕਿਹਾ ਜਾ ਰਿਹਾ ਸੀ ਕਿਉਂਕਿ ਮੈਂ ਬਾਕੀ ਕੁੜੀਆਂ ਤੋਂ ਇੰਨਾ ਅੱਗੇ ਸੀ ਕਿ ਤੁਰ ਕੇ ਵੀ ਜਾਂਦੀ ਤਾਂ ਰੇਸ ਜਿੱਤ ਜਾਂਦੀ ਪਰ ਮੈਂ ਡਿੱਗੀ ਰਹੀ ਅਤੇ ਹੱਸਣ ਲੱਗ ਗਈ।"

ਇਸ ਮੁਕਾਬਲੇ ਵਿੱਚ ਸੀਨੀਅਰ ਖੇਡ ਅਧਿਕਾਰੀ, ਕੋਚ ਅਤੇ ਕੌਮਾਂਤਰੀ ਖਿਡਾਰੀ ਵੀ ਪਹੁੰਚੇ ਹੋਏ ਸਨ। ਜਿਨ੍ਹਾਂ ਨੇ ਰੇਸ ਪੂਰੀ ਹੋਣ ਤੋਂ ਪਹਿਲਾਂ ਡਿੱਗ ਜਾਣ ਅਤੇ ਹਾਰਨ ਦੇ ਬਾਵਜੂਦ ਕਮਲਜੀਤ ਦੀ ਪ੍ਰਤਿਭਾ ਪਛਾਣੀ ਅਤੇ ਅਥਲੀਟ ਅਜਮੇਰ ਸਿੰਘ ਤੋਂ ਉਨ੍ਹਾਂ ਦੀ ਰਸਮੀ ਟਰੇਨਿੰਗ ਸ਼ੁਰੂ ਕਰਵਾਈ।

ਕਮਲਜੀਤ ਸੰਧੂ ਨੇ ਦੱਸਿਆ ਕਿ ਉਹ ਕਾਲਜ ਦੇ ਹੋਸਟਲ ਵਿੱਚ ਰਹਿੰਦੇ ਸਨ ਅਤੇ ਉਸ ਵੇਲੇ ਕੁੜੀਆਂ ਦੇ ਹੋਸਟਲਾਂ ਵਿੱਚ ਬਹੁਤ ਪਾਬੰਦੀਆਂ ਹੁੰਦੀਆਂ ਸਨ।

ਕਮਲਜੀਤ ਕਹਿੰਦੇ ਹਨ, "ਤੁਸੀਂ ਭਾਵੇਂ ਸਭ ਤੋਂ ਬਿਹਤਰੀਨ ਕੁਦਰਤੀ ਅਥਲੀਟ ਕਿਉਂ ਨਾ ਹੋਵੋ, ਪਰ ਜੇ ਤੁਹਾਨੂੰ ਸਹਿਯੋਗ ਨਾ ਮਿਲੇ ਜਾਂ ਬਹੁਤ ਪਾਬੰਦੀਆਂ ਹੋਣ ਤਾਂ ਇਹ ਸਭ ਕੁਝ ਹਾਸਿਲ ਕਰਨਾ ਸੰਭਵ ਨਹੀਂ ਹੁੰਦਾ। ਪਰ ਮੈਨੂੰ ਕਹਿ ਦਿੱਤਾ ਗਿਆ ਸੀ ਕਿ ਤੁਸੀਂ ਟਰੇਨਿੰਗ ਲਈ ਸਾਈਕਲ 'ਤੇ ਯੂਨੀਵਰਸਿਟੀ ਜਾ ਸਕਦੇ ਹੋ।"

ਕਾਲਜ ਦੇ ਪ੍ਰਿੰਸੀਪਲ ਆਤਮਾ ਰਾਮ ਅਤੇ ਫ਼ਿਜ਼ੀਕਲ ਟਰੇਨਿੰਗ ਦੀ ਅਧਿਆਪਕਾ ਅਵਤਾਰ ਕੌਰ ਵੱਲੋਂ ਉਨ੍ਹਾਂ ਨੂੰ ਪੂਰਾ ਸਹਿਯੋਗ ਮਿਲਿਆ। ਇੱਕ ਸਾਲ ਅਜਮੇਰ ਸਿੰਘ ਤੋਂ ਪੰਜਾਬ ਯੂਨੀਵਰਸਿਟੀ ਵਿੱਚ ਟਰੇਨਿੰਗ ਲੈਣ ਬਾਅਦ ਕਮਲਜੀਤ ਟਰੇਨਿੰਗ ਲਈ ਪਟਿਆਲਾ ਦੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਵਿੱਚ ਗਏ।

ਕਮਲਜੀਤ ਸੰਧੂ ਨੇ ਕਿਹਾ ਕਿ ਉਹ ਅਜ਼ਾਦ ਦੇਸ਼ ਦੀ ਪਹਿਲੀ ਪੀੜੀ ਵਿੱਚੋਂ ਸਨ ਅਤੇ ਜਿਸ ਵੇਲੇ ਉਨ੍ਹਾਂ ਨੇ ਟਰੇਨਿੰਗ ਸ਼ੁਰੂ ਕੀਤੀ, ਦੇਸ਼ ਵੀ ਵਿਕਸਿਤ ਹੋ ਰਿਹਾ ਸੀ। ਉਨ੍ਹਾਂ ਕਿਹਾ, "ਖੇਡਾਂ ਦੇ ਅਜੋਕੇ ਬੁਨਿਆਦੀ ਢਾਂਚੇ ਦੀ ਉਸ ਵੇਲੇ ਨਾਲ ਤੁਲਨਾ ਕਰਦੇ ਹਾਂ ਤਾਂ ਚੰਦਰਮਾ 'ਤੇ ਪਹੁੰਚਣ ਜਿਹਾ ਲੱਗਦਾ ਹੈ, ਪਰ ਉਸ ਵੇਲੇ ਕਦੇ ਅਹਿਸਾਸ ਨਹੀਂ ਸੀ ਹੋਇਆ ਕਿ ਕੋਈ ਕਮੀ ਹੈ।"

ਜੋ ਮੁਕਾਬਲਾ ਜਿੱਤਣ ਬਾਅਦ ਕਮਲਜੀਤ ਸੰਧੂ ਦਾ ਨਾਮ ਇਤਿਹਾਸ ਵਿੱਚ ਦਰਜ ਹੋ ਗਿਆ ਉਹ ਸੀ ਸਾਲ 1970 ਦੀਆਂ ਬੈਂਗਕਾਕ ਏਸ਼ੀਅਨ ਖੇਡਾਂ ਦਾ 400 ਮੀਟਰ ਦੌੜ ਦਾ ਈਵੈਂਟ। ਕਮਲਜੀਤ ਸੰਧੂ ਨੇ ਦੱਸਿਆ ਕਿ ਉਨ੍ਹਾਂ ਤੋਂ ਸਿਲਵਰ ਮੈਡਲ ਦੀ ਉਮੀਦ ਤਾਂ ਕੀਤੀ ਜਾ ਰਹੀ ਸੀ ਪਰ ਗੋਲਡ ਮੈਡਲ ਦੀ ਨਹੀਂ, ਕਿਉਂਕਿ ਮੁਕਾਬਲੇ ਵਿੱਚ ਉਸ ਵੇਲੇ ਦੀ ਵਿਸ਼ਵ ਰਿਕਾਰਡ ਹੋਲਡਰ ਦੌੜਾਕ ਮਹਾਨ ਅਥਲੀਟ ਛੀ ਚੇਂਗ ਵੀ ਸੀ।

ਕਮਲਜੀਤ ਨੇ ਦੱਸਿਆ ਕਿ ਮੁਕਾਬਲੇ ਤੋਂ ਪਹਿਲਾਂ ਹੋਰ ਅਥਲੀਟ ਵੀ ਛੀ ਚੇਂਗ ਬਾਰੇ ਗੱਲ ਕਰ ਰਹੇ ਸਨ, ਪਰ ਕਮਲਜੀਤ ਦਾ ਧਿਆਨ ਸਿਰਫ਼ ਉਨ੍ਹਾਂ ਦੀ ਆਪਣੀ ਦੌੜ 'ਤੇ ਕੇਂਦਰਿਤ ਸੀ।

ਕਮਲਜੀਤ ਸੰਧੂ ਨੇ ਦੱਸਿਆ, "ਛੀ ਚੇਂਗ ਨੇ ਸ਼ਾਇਦ ਮੈਨੂੰ ਬਾਅਦ ਵਿੱਚ ਦੱਸਿਆ ਸੀ ਅਤੇ ਮੈਂ ਵੀ ਉਸ ਵੇਲੇ ਅੰਦਾਜ਼ਾ ਲਗਾਇਆ ਸੀ ਕਿ ਉਸ ਨੂੰ ਵਿਸ਼ਵਾਸ ਸੀ ਕਿ ਉਹ ਰੇਸ ਜਿੱਤ ਹੀ ਜਾਏਗੀ। ਕਿਉਂਕਿ ਉਸ ਵੇਲੇ ਏਸ਼ੀਅਨ ਅਥਲੀਟਾਂ ਦਾ ਪੱਧਰ ਅਮਰੀਕਨ ਅਥਲੀਟਾਂ ਨਾਲੋਂ ਨੀਵਾਂ ਹੀ ਸੀ। ਪਰ ਉਸ ਨੂੰ ਅੰਦਾਜ਼ਾ ਨਹੀਂ ਸੀ ਕਿ ਮੈਂ ਸਪ੍ਰਿੰਟ ਵਿੱਚ ਦੌੜਦੀ ਹਾਂ।"

ਸਾਲ 1970 ਵਿੱਚ ਬੈਂਗਕਾਕ ਵਿੱਚ ਹੋਏ ਉਸ ਮੁਕਾਬਲੇ ਨੂੰ ਯਾਦ ਕਰਦਿਆਂ ਕਮਲਜੀਤ ਸੰਧੂ ਨੇ ਸਾਨੂੰ ਦੱਸਿਆ ਕਿ ਰੇਸ ਦੌਰਾਨ ਜਦੋਂ ਕਿ ਉਹ ਬਾਕੀ ਅਥਲੀਟਾਂ ਤੋਂ ਕਾਫ਼ੀ ਅੱਗੇ ਨਿੱਕਲ ਗਏ ਤਾਂ ਛੀ ਚੇਂਗ ਨੇ ਆਪਣੀ ਸਪੀਡ ਵਧਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਡਿੱਗ ਗਈ। ਕਮਲਜੀਤ ਨੇ ਕਿਹਾ, "ਜਦੋਂ ਮੈਂ ਰੇਸ ਜਿੱਤ ਲਈ ਤਾਂ ਮਹਿਸੂਸ ਕੀਤਾ ਕਿ ਇਹ ਹੋਣਾ ਹੀ ਸੀ। "ਗੱਲਬਾਤ ਦੌਰਾਨ ਸਾਨੂੰ ਕਮਲਜੀਤ ਨੇ ਦੱਸਿਆ ਕਿ ਉਸ ਵੇਲੇ ਭਾਰਤੀ ਮੀਡੀਆ ਲਈ ਇਹ ਵੱਡੀ ਖ਼ਬਰ ਸੀ ਕਿ ਪਹਿਲੀ ਵਾਰ ਕਿਸੇ ਮਹਿਲਾ ਅਥਲੀਟ ਨੇ ਏਸ਼ੀਅਨ ਖੇਡਾਂ ਵਿੱਚ ਸੋਨ ਤਗਮਾ ਜਿੱਤਿਆ ਹੈ। ਪਰ ਕੌਮਾਂਤਰੀ ਮੀਡੀਆ ਲਈ ਛੀ ਚੇਂਗ ਦਾ ਡਿੱਗ ਜਾਣਾ ਵੱਡੀ ਖ਼ਬਰ ਸੀ।

ਭਾਰਤ ਲਈ ਇਹ ਬੇਹੱਦ ਮਾਣ ਵਾਲਾ ਪਲ਼ ਸੀ। ਸੰਧੂ ਨੇ ਦੱਸਿਆ ਕਿ ਉਸ ਵੇਲੇ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਵੀ ਉਨ੍ਹਾਂ ਨੂੰ ਵਧਾਈ ਦਿੰਦਿਆਂ ਟੈਲੀਗ੍ਰਾਮ ਭੇਜਿਆ ਸੀ।

ਏਸ਼ੀਅਨ ਖੇਡਾਂ ਵਿੱਚ ਗੋਲਡ ਮੈਡਲ ਜਿੱਤਣ ਬਾਅਦ ਰਾਤੋਂ-ਰਾਤ ਪੂਰਾ ਦੇਸ਼ ਕਮਲਜੀਤ ਸੰਧੂ ਨੂੰ ਪਛਾਣਨ ਲੱਗ ਗਿਆ ਸੀ।

ਉਨ੍ਹਾਂ ਕਿਹਾ, "ਉਸ ਵੇਲੇ ਜਾਂ ਤਾਂ ਕੁਝ ਅਦਾਕਾਰਾਵਾਂ ਨੂੰ ਲੋਕ ਜਾਣਦੇ ਸੀ ਜਾਂ ਕੁਝ ਮਾਡਲਾਂ ਨੂੰ, ਇਸ ਜਿੱਤ ਤੋਂ ਬਾਅਦ ਮੈਨੂੰ ਅਜਿਹੀ ਪਛਾਣ ਮਿਲੀ ਕਿ ਕਿਤੇ ਵੀ ਬਾਹਰ ਜਾਂਦੇ ਸੀ ਤਾਂ ਲੋਕ ਇਕੱਠੇ ਹੋਣ ਲੱਗ ਜਾਂਦੇ ਸੀ।"ਉਸ ਵੇਲੇ ਕੁੜੀਆਂ ਕਈ ਖੇਤਰਾਂ ਵਿੱਚ ਪੈਰ ਧਰ ਰਹੀਆਂ ਸੀ। ਜਿਵੇਂ ਕੋਈ ਪਹਿਲੀ ਡਾਕਟਰ ਬਣੀ, ਕੋਈ ਪਹਿਲੀ ਵਕੀਲ ਬਣੀ, ਕੋਈ ਪਹਿਲੀ ਪ੍ਰੋਫੈਸਰ ਬਣੀ। ਕਮਲਜੀਤ ਸੰਧੂ ਨੇ ਕਿਹਾ, "ਬਾਕੀ ਖੇਤਰਾਂ ਵਿੱਚ ਪਹਿਲੀ ਵਾਰ ਕਦਮ ਧਰਨ ਵਾਲੀਆਂ ਕੁੜੀਆਂ ਹੌਲੀ-ਹੌਲੀ ਅੱਗੇ ਆ ਰਹੀਆਂ ਸੀ, ਪਰ ਮੈਨੂੰ ਰਾਤੋਂ-ਰਾਤ ਪਛਾਣ ਮਿਲ ਗਈ ਸੀ। ਮੇਰੀ ਜਿੱਤ ਤੋਂ ਬਾਅਦ ਇਹ ਹੋਇਆ ਕਿ ਅਚਾਨਕ ਦੇਸ਼ ਵਿੱਚ ਧੀਆਂ ਦੇ ਬਾਪ ਜਾਗ ਗਏ ਅਤੇ ਉਨ੍ਹਾਂ ਨੂੰ ਮੌਕੇ ਦੇਣ ਲੱਗੇ।"

ਕਮਲਜੀਤ ਨੂੰ ਇਸ ਪ੍ਰਾਪਤੀ ਲਈ ਸਾਲ 1971 ਵਿੱਚ ਪਦਮ ਸ੍ਰੀ ਨਾਲ ਨਵਾਜਿਆ ਗਿਆ। ਕਮਲਜੀਤ ਸੰਧੂ ਨੇ ਖ਼ੁਦ ਮੈਡਲ ਜਿੱਤ ਕੇ ਇਤਿਹਾਸ ਤਾਂ ਰਚਿਆ ਸੀ, ਇਸ ਤੋਂ ਬਾਅਦ ਪਟਿਆਲਾ ਦੇ ਨੈਸ਼ਨਲ ਇੰਸਟੀਟਿਊਟ ਆਫ ਸਪੋਰਟਸ ਵਿੱਚ ਕਈ ਹੋਰ ਖਿਡਾਰੀਆਂ ਨੂੰ ਕੋਚਿੰਗ ਦਿੱਤੀ। ਕਮਲਜੀਤ ਬੜੇ ਮਾਣ ਨਾਲ ਦੱਸਦੇ ਹਨ ਕਿ ਉਨ੍ਹਾਂ ਦੇ ਟਰੇਨ ਕੀਤੇ ਖਿਡਾਰੀਆਂ ਨੇ ਹੀ ਉਨ੍ਹਾਂ ਦੇ ਰਿਕਾਰਡ ਤੋੜੇ। 2008 ਵਿੱਚ ਉਹ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਦੇ ਨੈਸ਼ਨਲ ਅਥਲੈਟਿਕ ਕੈਂਪਸ ਦੇ ਡਾਇਰੈਕਟਰ ਵਜੋਂ ਰਿਟਾਇਰ ਹੋਏ।

**ਨਵਦੀਪ ਕੌਰ ਗਰੇਵਾਲ**

## ਨਿਊਜ਼ੀਲੈਂਡ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਮਿਲੇਗਾ ਲੰਬੇ ਸਮੇਂ ਦਾ ਵਰਕ ਵੀਜ਼ਾ

ਨਵੀਂ ਦਿੱਲੀ:-ਨਿਊਜ਼ੀਲੈਂਡ ਨੇ ਆਪਣੇ ਵਰਕ ਵੀਜ਼ਾ ਨਿਯਮਾਂ ਨੂੰ ਸੌਖਾਲਾ ਕਰਦਿਆਂ ਭਾਰਤ ਨਾਲ ਵਪਾਰ ਮੁਕਤ ਸਮਝੌਤੇ 'ਤੇ ਹਸਤਾਖਰ ਕੀਤੇ ਹਨ ਜਿਸ ਵਿੱਚ ਭਾਰਤੀ ਵਿਦਿਆਰਥੀਆਂ ਲਈ ਹਫ਼ਤੇ ਵਿੱਚ 20 ਘੰਟੇ ਕੰਮ ਕਰਨ ਦੀ ਸੀਮਾ ਨਹੀਂ ਹੋਵੇਗੀ। ਨਿਊਜ਼ੀਲੈਂਡ ਨੇ ਭਾਰਤ ਨਾਲ ਵਪਾਰ ਸਮਝੌਤੇ ਤਹਿਤ ਆਪਣੇ ਨਿਯਮਾਂ ਨੂੰ ਸੌਖਾਲਾ ਕੀਤਾ ਹੈ ਜਿਸ ਨਾਲ ਭਾਰਤੀ ਵਿਦਿਆਰਥੀ ਪੜ੍ਹਾਈ ਤੋਂ ਬਾਅਦ ਦੇ ਲੰਬੇ ਸਮੇਂ ਲਈ ਵਰਕ ਵੀਜ਼ਾ ਪ੍ਰਾਪਤ ਕਰ ਸਕਣਗੇ। ਇਸ ਵਰਗ ਵਿਚ ਯੋਗਾ ਇੰਸਟਰੱਕਟਰ ਅਤੇ ਸ਼ੈੱਫ ਸਮੇਤ 5,000 ਭਾਰਤੀ ਪੇਸ਼ੇਵਰਾਂ ਨੂੰ ਨਿਊਜ਼ੀਲੈਂਡ ਵਿਚ ਕੰਮ ਕਰਨ ਦੀ ਆਗਿਆ ਦਿੱਤੀ ਗਈ ਹੈ। ਦੋਵਾਂ ਦੇਸ਼ਾਂ ਨੇ ਅੱਜ ਢਠਅ ਤਹਿਤ ਦੂਜਾ ਸਮਝੌਤਾ ਸਹੀਬੰਦ ਕੀਤਾ। ਇਸ 'ਤੇ ਲਗਪਗ 7-8 ਮਹੀਨਿਆਂ ਵਿੱਚ ਦਸਤਖਤ ਕੀਤੇ ਜਾਣ ਅਤੇ ਇਸ ਦੇ ਲਾਗੂ ਹੋਣ ਦੀ ਉਮੀਦ ਹੈ। ਕੇਂਦਰੀ ਕੈਬਨਿਟ ਨੇ ਪਿਛਲੇ ਹਫ਼ਤੇ ਇਸ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਸੀ। ਇਸ ਸਮਝੌਤੇ ਨੂੰ ਨਿਊਜ਼ੀਲੈਂਡ ਦੀ ਸੰਸਦ ਤੋਂ ਵੀ ਪ੍ਰਵਾਨਗੀ ਦੀ ਲੋੜ ਹੈ। ਸਮਝੌਤੇ ਅਨੁਸਾਰ ਨਿਊਜ਼ੀਲੈਂਡ ਨੇ ਪਹਿਲੀ ਵਾਰ ਕਿਸੇ ਵੀ ਦੇਸ਼ ਨਾਲ ਵਿਦਿਆਰਥੀ ਨਿਯਮਾਂ ਅਤੇ ਪੜ੍ਹਾਈ ਤੋਂ ਬਾਅਦ ਵਰਕ ਵੀਜ਼ਾ ਸਬੰਧੀ ਸਮਝੌਤੇ 'ਤੇ ਹਸਤਾਖਰ ਕੀਤੇ ਹਨ ਜਿਸ ਵਿੱਚ ਭਾਰਤੀ ਵਿਦਿਆਰਥੀਆਂ ਲਈ ਕੰਮ ਕਰਨ ਦੇ ਘੰਟ ਵੱਧ ਜਾਣਗੇ। ਇਸ ਤਹਿਤ ਜਿਹੜੇ ਵਿਦਿਆਰਥੀ ਪੜ੍ਹਾਈ ਲਈ ਨਿਊਜ਼ੀਲੈਂਡ ਜਾਣਗੇ ਤੇ ਉਹ ਡਿਗਰੀ ਕੋਰਸ ਕਰਨਗੇ ਤਾਂ ਹੁਣ ਉਹ ਦੋ ਸਾਲਾਂ ਦੇ ਵਰਕ ਵੀਜ਼ੇ ਲਈ ਯੋਗ ਹੋਣਗੇ।

## ਇਮਰਾਨ ਵੱਲੋਂ ਦੇਸ਼ ਪੱਧਰੀ ਅੰਦੋਲਨ ਦਾ ਸੱਦਾ ਪਾਕਿਸਤਾਨ ਦੀ ਆਜ਼ਾਦੀ ਲਈ ਸ਼ਹਾਦਤ ਦੇਣ ਲਈ ਵੀ ਤਿਆਰ ਹਾਂ:ਇਮਰਾਨ

ਲਾਹੌਰ:-ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਤੋਸ਼ਾਖਾਨਾ ਭ੍ਰਿਸ਼ਟਾਚਾਰ ਮਾਮਲੇ ਵਿੱਚ ਅਦਾਲਤ ਵੱਲੋਂ ਸੁਣਾਈ 17 ਸਾਲ ਦੀ ਸਜ਼ਾ ਤੋਂ ਬਾਅਦ ਆਪਣੇ ਸਮਰਥਕਾਂ ਨੂੰ ਦੇਸ਼ ਵਿਆਪੀ ਅੰਦੋਲਨ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ। ਇਹ ਮਾਮਲਾ 2021 ਵਿੱਚ ਸਾਊਦੀ ਸਰਕਾਰ ਤੋਂ ਮਿਲੇ ਸਰਕਾਰੀ ਤੋਹਫ਼ਿਆਂ ਵਿੱਚ ਕਥਿਤ ਧੋਖਾਧੜੀ ਨਾਲ ਸਬੰਧਤ ਹੈ। ਇਸ ਵਿੱਚ ਇਮਰਾਨ ਦੀ ਪਤਨੀ ਬੁਸ਼ਰਾ ਬੀਬੀ ਨੂੰ ਵੀ 17 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਡਿਆਲਾ ਜੇਲ੍ਹ ਵਿੱਚ ਆਪਣੇ ਵਕੀਲਾਂ ਨਾਲ ਗੱਲਬਾਤ ਦੌਰਾਨ ਇਮਰਾਨ ਖ਼ਾਨ ਨੇ ਇਸ ਫੈਸਲੇ ਨੂੰ 'ਫੌਜੀ ਤਰਜ਼ 'ਤੇ ਕੀਤਾ ਫ਼ੈਸਲਾ' ਕਰਾਰ ਦਿੱਤਾ। ਉਨ੍ਹਾਂ ਦੇ 'ਐਕਸ' ਖਾਤੇ 'ਤੇ ਜਾਰੀ ਬਿਆਨ ਮੁਤਾਬਕ ਇਮਰਾਨ ਨੇ ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਸੋਹੇਲ ਅਫਰੀਦੀ ਨੂੰ ਸੜਕੀ ਅੰਦੋਲਨ ਦੀ ਤਿਆਰੀ ਕਰਨ ਲਈ ਸੁਨੇਹਾ ਭੇਜਿਆ ਹੈ। ਉਨ੍ਹਾਂ ਕਿਹਾ, ''ਪੂਰੀ ਕੌਮ ਨੂੰ ਆਪਣੇ ਹੱਕਾਂ ਲਈ ਉੱਠਣਾ ਪਵੇਗਾ। ਸੰਘਰਸ਼ ਇਬਾਦਤ ਹੈ ਅਤੇ ਮੈਂ ਪਾਕਿਸਤਾਨ ਦੀ ਅਸਲ ਆਜ਼ਾਦੀ ਲਈ ਸ਼ਹਾਦਤ ਦੇਣ ਨੂੰ ਵੀ ਤਿਆਰ ਹਾਂ।'' ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਦੇ ਬੇਬੁਨਿਆਦ ਫੈਸਲਿਆਂ ਵਾਂਗ ਇਹ ਫੈਸਲਾ ਵੀ ਉਨ੍ਹਾਂ ਲਈ ਨਵਾਂ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੱਜ ਨੇ ਬਿਨਾਂ ਸਬੂਤਾਂ ਅਤੇ ਕਾਨੂੰਨੀ ਲੋੜਾਂ ਪੂਰੀਆਂ ਕੀਤੇ ਬਿਨਾਂ ਕਾਹਲੀ ਵਿੱਚ ਇਹ ਸਜ਼ਾ ਸੁਣਾਈ ਹੈ।

## ਰੂਸੀ ਜਰਨੈਲ ਦੀ ਕਾਰ ਬੰਬ ਧਮਾਕੇ 'ਚ ਮੌਤ

ਮਾਸਕੋ:-ਰੂਸ ਦੀ ਰਾਜਧਾਨੀ 'ਚ ਸੋਮਵਾਰ ਸਵੇਰੇ ਚੋਟੀ ਦੇ ਫ਼ੌਜੀ ਅਧਿਕਾਰੀ ਦੀ ਕਾਰ 'ਚ ਧਮਾਕਾ ਹੋਣ ਕਾਰਨ ਉਸ ਦੀ ਮੌਤ ਹੋ ਗਈ।

ਜਾਂਚਕਾਰਾਂ ਨੇ ਕਿਹਾ ਕਿ ਹਮਲੇ ਪਿੱਛੇ ਯੂਕਰੇਨ ਦਾ ਹੱਥ ਹੋ ਸਕਦਾ ਹੈ। ਬੀਤੇ ਇਕ ਵਰ੍ਹੇ 'ਚ ਸੀਨੀਅਰ ਫ਼ੌਜੀ ਅਧਿਕਾਰੀ ਦੀ ਹੱਤਿਆ ਦੀ ਇਹ ਤੀਜੀ ਘਟਨਾ ਹੈ। ਜਾਣਕਾਰੀ ਅਨੁਸਾਰ ਕਾਰ ਹੇਠਾਂ ਧਮਾਕਾਖੇਜ਼ ਸਮੱਗਰੀ ਲਗਾਈ ਗਈ ਸੀ ਜਿਸ 'ਚ ਧਮਾਕਾ ਹੋਣ ਕਾਰਨ ਫ਼ੌਜੀ ਅਧਿਕਾਰੀ ਹਲਾਕ ਹੋ ਗਿਆ। ਰੂਸੀ ਜਾਂਚ ਕਮੇਟੀ ਦੀ ਤਰਜਮਾਨ ਸਵੇਤਲਾਨਾ ਪੈਤਰੈਂਕੋ ਨੇ ਦੱਸਿਆ ਕਿ ਜਨਰਲ ਸਟਾਫ ਦੇ ਅਪਰੇਸ਼ਨਲ ਟਰੇਨਿੰਗ ਡਾਇਰੈਕਟੋਰੇਟ ਦੇ ਮੁਖੀ ਲੈਫਟੀਨੈਂਟ ਜਨਰਲ ਫਾਨਿਲ ਸਰਵਾਰੋਵ ਜ਼ਖ਼ਮਾਂ ਦੀ ਤਾਬ ਨਾ ਸਹਿੰਦਿਆਂ ਦਮ ਤੋੜ ਗਏ ਹਨ। ਹੱਤਿਆ ਦੇ ਸਬੰਧ 'ਚ ਕਈ ਸੰਭਾਵਨਾਵਾਂ ਬਾਰੇ ਜਾਂਚ ਚੱਲ ਰਹੀ ਹੈ ਅਤੇ ਇਸ ਦੀ ਸਾਜ਼ਿਸ਼ ਯੂਕਰੇਨ ਦੀ ਖ਼ੁਫ਼ੀਆ ਸੇਵਾ ਵੱਲੋਂ ਵੀ ਘੜੀ ਗਈ ਹੋ ਸਕਦੀ ਹੈ। ਯੂਕਰੇਨ ਦੀ ਸੁਰੱਖਿਆ ਸੇਵਾ ਨੇ ਦਸੰਬਰ 2024 'ਚ ਸੀਨੀਅਰ ਰੂਸੀ ਫ਼ੌਜੀ ਅਧਿਕਾਰੀ 'ਤੇ ਹੋਏ ਅਜਿਹੇ ਹਮਲੇ ਦੀ ਜ਼ਿੰਮੇਵਾਰੀ ਲਈ ਸੀ।

## ਦੂਤਾਵਾਸ ਬਾਹਰ ਪ੍ਰਦਰਸ਼ਨ ਭਾਰਤ ਨੇ ਬੰਗਲਾਦੇਸ਼ੀ ਦਾਅਵੇ ਝੂਠੇ ਦੱਸੇ

ਦਿੱਲੀ:-ਭਾਰਤ ਨੇ ਬੰਗਲਾਦੇਸ਼ੀ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਨੂੰ 'ਗੁਮਰਾਹਕੁੰਨ ਪ੍ਰਚਾਰ' ਕਰਾਰ ਦਿੰਦਿਆਂ ਸਿਰੇ ਤੋਂ ਖਾਰਜ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਨਵੀਂ ਦਿੱਲੀ ਸਥਿਤ ਬੰਗਲਾਦੇਸ਼ੀ ਹਾਈ ਕਮਿਸ਼ਨ ਦੇ ਬਾਹਰ ਹੋਏ ਪ੍ਰਦਰਸ਼ਨ ਦੌਰਾਨ ਸੁਰੱਖਿਆ ਨੂੰ ਖ਼ਤਰਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ।

ਭਾਰਤੀ ਵਿਦੇਸ਼ ਮੰਤਰਾਲ ਨੇ ਸਪੱਸ਼ਟ ਕੀਤਾ ਕਿ ਸ਼ਨੀਵਾਰ ਨੂੰ ਲਗਭਗ 20-25 ਨੌਜਵਾਨ ਬੰਗਲਾਦੇਸ਼ ਦੇ ਮੈਮਨਸਿੰਘ ਵਿੱਚ ਹਿੰਦੂ ਨੌਜਵਾਨ ਦੀਪੂ ਚੰਦਰ ਦਾਸ ਦੇ ਬੇਰਹਿਮੀ ਨਾਲ ਕੀਤੇ ਗਏ ਕਤਲ ਵਿਰੁੱਧ ਰੋਸ ਜਤਾਉਣ ਲਈ ਇਕੱਠੇ ਹੋਏ ਸਨ। ਮੰਤਰਾਲੇ ਅਨੁਸਾਰ ਪ੍ਰਦਰਸ਼ਨਕਾਰੀਆਂ ਨੇ ਬੰਗਲਾਦੇਸ਼ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕੀਤੀ ਸੀ ਪਰ ਸੁਰੱਖਿਆ ਘੇਰਾ ਤੋੜਨ ਜਾਂ ਦੂਤਾਵਾਸ ਦੇ ਅੰਦਰ ਵੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਪੁਲੀਸ ਨੇ ਕੁਝ ਹੀ ਮਿੰਟਾਂ ਵਿੱਚ ਸਮੂਹ ਨੂੰ ਉੱਥੋਂ ਹਟਾ ਦਿੱਤਾ ਸੀ ਅਤੇ ਇਸ ਘਟਨਾ ਦੇ ਵੀਡੀਓ ਸਬੂਤ ਜਨਤਕ ਤੌਰ 'ਤੇ ਉਪਲਬਧ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਵੀਏਨਾ ਕਨਵੈਨਸ਼ਨ ਦੇ ਤਹਿਤ ਆਪਣੇ ਖੇਤਰ ਵਿੱਚ ਵਿਦੇਸ਼ੀ ਮਿਸ਼ਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਨੇ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੂੰ ਦੀਪੂ ਚੰਦਰ ਦਾਸ ਦੇ 'ਵਹਿਸ਼ੀਆਨਾ ਕਤਲ' ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਅਪੀਲ ਵੀ ਕੀਤੀ।

VELOCITY
TRUCK CENTRES

# PREMIUM QUALITY COMMERCIAL VEHICLES

ਨਵੇਂ ਅਤੇ ਪਹਿਲਾਂ ਤੋਂ ਮਾਲਕੀ ਵਾਲੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਅਧਿਕਾਰਤ ਡੀਲਰ ਦੇ ਰੂਪ ਵਿੱਚ
ਅਸੀਂ ਹਾਈਵੇਅ ਅਤੇ ਵੋਕੇਸ਼ਨਲ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ

INVENTORY

ਅੱਜ ਹੀ ਆਪਣੇ ਫਲੀਟ ਨੂੰ ਅਪਗ੍ਰੇਡ ਕਰੋ ਜਾਂ ਵਧਾਓ
velocitytruckcentres.ca/inventory

ਨਵੇਂ ਅਤੇ ਪੁਰਾਣੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਇੱਕ ਅਧਿਕਾਰਤ ਡੀਲਰ ਹੋਣ ਦੇ ਨਾਤੇ, ਅਸੀਂ ਹਾਈਵੇਅ ਅਤੇ ਕਿੱਤਾਮੁਖੀ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ।




## ਪ੍ਰਮੁੱਖ ਬ੍ਰਾਂਡਾਂ ਦਾ ਮਾਣਮੱਤਾ ਡੀਲਰ

FREIGHTLINER | WESTERN STAR | AUTOCAR | Thomas | Freightliner Custom Chassis | RIZON
CROSS COUNTRY MANUFACTURING | DOEPKER TRAILERS | K-LINE | LODE KING | PEERLESS | TRAIL KING

crossroads
Equipment Lease & Finance

## ਆਸਾਨ ਫਾਇਨੈਂਸਿੰਗ

ਕ੍ਰਾਸਰੋਡ ਰਾਹੀਂ, ਅਸੀਂ ਇਹਨਾਂ ਲਈ ਲਚਕਦਾਰ, ਕਸਟਮ-ਅਨੁਕੂਲ ਵਿੱਤ ਅਤੇ ਲੀਜ਼ਿੰਗ ਹੱਲ ਪੇਸ਼ ਕਰਦੇ ਹਾਂ:
*ਨਵੇਂ ਜਾਂ ਵਰਤੇ ਗਏ ਉਪਕਰਣ
*ਕਨਸੋਲੀਡੇਸ਼ਨ ਲੋਨ
*ਕ੍ਰੈਡਿਟ ਲਾਈਨਾਂ
ਆਪਣੇ ਵਿਕਲਪਾਂ ਦੀ ਪੜਚੋਲ ਕਰਨ ਲਈ gisekham@crlease.ca 'ਤੇ ਗੁਰਪਾਲ ਸੀਖਮ ਨਾਲ ਸੰਪਰਕ ਕਰੋ ਜਾਂ crlease.ca 'ਤੇ ਜਾਓ।

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call: 672-727-9560

ੴ

# HAPPY NEW YEAR

## ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

Bozzini's

Restaurant & Café Bar

## Greek, Italian & Indian Cuisine

ਇਟਾਲੀਅਨ ਫੂਡ ਵਿਚ ਬੋਜ਼ਿਨੀ ਰੈਸਟੋਰੈਂਟ ਨੂੰ ਲਗਾਤਾਰ 7 ਸਾਲ ਗੋਲਡ ਅਵਾਰਡ ਮਿਲਿਆ।ਸਾਰਿਆਂ ਦਾ ਸਹਿਯੋਗ ਦੇਣ ਲਈ ਧੰਨਵਾਦ।

THANKS FOR VOTING US THE BEST

## ITALIAN DINING

THANKS FOR VOTING US THE BEST

BEST OF READERS' CHOICE 2018 SURREY NOW-Leader GOLD

BEST OF READERS' CHOICE 2019 SURREY NOW-Leader GOLD

BEST OF READERS' CHOICE 2020 SURREY NOW-Leader GOLD

BEST OF READERS' CHOICE 2021 SURREY NOW-Leader GOLD

BEST OF READERS' CHOICE 2022 SURREY NOW-Leader GOLD

BEST OF READERS' CHOICE 2023 SURREY NOW-Leader GOLD

BEST OF READERS' CHOICE 2024 SURREY NOW-Leader GOLD




Fully Licensed Restaurant

we do catering
for offices & functions

**604-588-6880**

www.bozzinis.ca

13655-104TH AVE SURREY BC

*We organize corporate lunches & dinners*

ਸਾਰਿਆਂ ਨੂੰ
ਨਵਾਂ ਸਾਲ
ਮੁਬਾਰਕ

2026 HAPPY NEW YEAR

CANRISE IMMIGRATION

IMMIGRATION CONSULTANT

CANRISE IMMIGRATION

SERVICING CLIENTS SINCE 2011

- WORK PERMIT
- BCPNP
- LMIA
- SUPER VISA
- FAMILY SPPONSORSHIP
- CITIZENSHIP APPLICATION
- VISITOR VISA
- EXPRESS ENTRY / NANNY




RANJEET SINGH SOHI

CANRISE IMMIGRATION

RCIC CRIC

778-565-1717

WWW.CANRISEIMMIGRATION.COM

# 223 - 8028 - 128 St. Surrey BC

LITTLE INDIA PLAZA

See Seperate File for spread page B Section

See Seperate File for spread page B Section


ੴ
HAPPY NEW YEAR
ਸਾਰਿਆਂ ਨੂੰ ਨਵਾਂ ਸਾਲ ਮੁਬਾਰਕ
.Ck Auto.
CK AUTO SERVICES LTD.
NEW
AUPLUS
Comforser
BRIDGESTONE
MICHELIN
HAPPY
2025
NEW YEAR
TARSHOTAM BIRAN
SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ
40% off On All Seasons & Winter Tires
(Auplus & Comforser)
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ
Cell: 778-322-1610, Tel: 604-592-2667 #106-13112-84th Ave.,Surrey

# HI END EXCAVATING

## ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

**FULLY TREATED POLES FOR SALE DIRECT**

ਅਤੇ ਵਧੀਆ ਸਰਵੀਸ ਲਈ ਅੱਜ ਹੀ ਫੋਨ ਕਰੋ।
ਵਧੀਆ ਰੇਟ












- IRRIGATION - (SPRINKLER,DRIP)
- EXCAVATING SERVICES
- FARM DRAINAGE SYSTEM
- TRENCHING / DITCHING
- LAND CLEARING / LEVELING / STRIPING
- LANDSCAPING
- TREE CHOPPING
- SIDE WALKS
- RETAINING WALLS
- FENCING
- DEMOLITION & EXCAVATING
- & MUCH MORE.............

*WE SERVE ALL OVER THE LOWER MAINLAND*

*BEST SERVICE - DEST RATES*

**778- 552-5071 / 778-522-5071**

# NORDEL DENTAL CLINIC

## ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

## HAPPY NEW YEAR




*8300 - 112th ST. Delta, BC • V4C 4W8*

DR. JOHN A. SHACKLOCK
DR. SYDNEY SHACKLOCK
DR. JASKIRIN JAGPAL

TELEPHONE: **604.596.3384**

Family And Cosmetic Dentistry.
New And Emergency Patients Welcome.
**Open Weekdays And Saturday**

# ਪਟਿਆਲਾ ਦੇ ਸਕੂਲਾਂ ਅਤੇ ਰੇਲਵੇ ਸਟੇਸ਼ਨ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਪਟਿਆਲਾ:-ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਅਤੇ ਰੇਲਵੇ ਸਟੇਸ਼ਨ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਹ ਧਮਕੀ ਇੱਕ ਈਮੇਲ ਜ਼ਰੀਏ ਭੇਜੀ ਗਈ ਹੈ। ਧਮਕੀ ਮਿਲਣ ਉਪਰੰਤ ਉਕਤ ਸਕੂਲਾਂ ਅਤੇ ਹੋਰ ਥਾਵਾਂ ਤੇ ਪੁਲੀਸ ਵੱਲੋਂ ਸੁਰੱਖਿਆ ਪ੍ਰਬੰਧ ਕਰਨ ਸਮੇਤ ਤਲਾਸ਼ੀ ਸ਼ੁਰੂ ਕੀਤੀ ਗਈ ਹੈ।

ਜਿਨ੍ਹਾਂ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ, ਉਨ੍ਹਾਂ ਵਿੱਚ ਸਕਾਲਰ ਫੀਲਡ ਸਕੂਲ ਸਰਹਿੰਦ ਰੋਡ ਪਟਿਆਲਾ, ਡੀਏਵੀ ਸਕੂਲ ਪਟਿਆਲਾ,ਸੀ ਕਰੀਅਰ ਅਕੈਡਮੀ ਭਾਦਸੋਂ ਰੋਡ ਪਟਿਆਲਾ, ਭੁਪਿੰਦਰਾ ਇੰਟਰਨੈਸ਼ਨਲ ਪਬਲਿਕ ਸਕੂਲ,ਡਕਾਲਾ ਰੋਡ ਪਟਿਆਲਾ, ਸਰਕਾਰੀ ਬਿਕਰਮ ਕਾਲਜ ਪਟਿਆਲਾ ਅਤੇ ਰਿਆਨ ਇੰਟਰਨੈਸ਼ਨਲ ਸਕੂਲ, ਅਰਬਨ ਅਸਟੇਟ ਪਟਿਆਲਾ ਦੇ ਨਾਮ ਸ਼ਾਮਿਲ ਹਨ। ਇਸ ਤੋਂ ਇਲਾਵਾ ਪਟਿਆਲਾ ਰੇਲਵੇ ਸਟੇਸ਼ਨ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਈਮੇਲ ਟਓਸਿਓਏਚਕਏਰਸੋਨਜ761[ਹੋਟਮਓਿਲ.ਚੋਮ ਤੋਂ ਆਈ ਹੈ, ਜਿਸ ਵਿੱਚ ਇਹ ਜ਼ਿਕਰ ਕੀਤਾ ਗਿਆ ਹੈ ਕਿ ਬੰਬ ਦੁਪਹਿਰ 1.11 ਵਜੇ ਤੋਂ ਰਾਤ 9.11 ਵਜੇ ਦੇ ਵਿਚਕਾਰ ਫਟਣਗੇ। ਇਸ ਦੌਰਾਨ ਹੀ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਨਿਸ਼ਾਨੇ ਤੇ ਲੈਣ ਦੀ ਗੱਲ ਆਖੀ ਗਈ ਹੈ। ਉਕਤ ਸਦੇਸ਼ ਵਿੱਚ ਕਿਹਾ ਗਿਆ ਹੈ ਕਿ ਭਗਵੰਤ ਮਾਨ ਦਾ ਬੇਅੰਤ ਸਿੰਘ ਵਾਲਾ ਹਾਲ ਕੀਤਾ ਜਾਵੇਗਾ।

# ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਇਮਰਾਨ ਖ਼ਾਨ ਦੀ ਪਾਰਟੀ ਨੂੰ ਗੱਲਬਾਤ ਦਾ ਦਿੱਤਾ ਸੱਦਾ

ਲਹੌਰ:-ਪਾਕਿਸਤਾਨ ਵਿੱਚ ਵਧਦੇ ਸਿਆਸੀ ਤਣਾਅ ਨੂੰ ਘੱਟ ਕਰਨ ਲਈ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਮੰਗਲਵਾਰ ਨੂੰ ਵਿਰੋਧੀ ਧਿਰ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਨੂੰ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ।

ਇਹ ਪੇਸ਼ਕਸ਼ ਅਜਿਹੇ ਸਮੇਂ ਆਈ ਹੈ ਜਦੋਂ ਕੁਝ ਦਿਨ ਪਹਿਲਾਂ ਹੀ ਪਾਰਟੀ ਦੇ ਸੰਸਥਾਪਕ ਇਮਰਾਨ ਖ਼ਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ 17-17 ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸਲਾਮਾਬਾਦ ਵਿੱਚ ਸੰਘੀ ਕੈਬਨਿਟ ਦੀ ਮੀਟਿੰਗ ਦੌਰਾਨ ਸ਼ਹਿਬਾਜ਼ ਨੇ ਕਿਹਾ ਕਿ ਜੇਕਰ ਪੀ.ਟੀ.ਆਈ. ਗੱਲਬਾਤ ਲਈ ਗੰਭੀਰ ਹੈ, ਤਾਂ ਸਰਕਾਰ ਵੀ ਪੂਰੀ ਤਰ੍ਹਾਂ ਤਿਆਰ ਹੈ।

# ਬੰਗਲਾਦੇਸ਼ ਹਾਈ ਕਮਿਸ਼ਨ ਵੱਲੋਂ ਭਾਰਤ ਵਿਚ ਵੀਜ਼ਾ ਸੇਵਾਵਾਂ ਮੁਅੱਤਲ

ਨਵੀਂ ਦਿੱਲੀ:-ਬੰਗਲਾਦੇਸ਼ ਨੇ ਦੋਵਾਂ ਦੇਸ਼ਾਂ ਵਿਚਕਾਰ ਵਧਦੇ ਤਣਾਅ ਦਰਮਿਆਨ ਭਾਰਤ ਵਿਚ ਵੀਜ਼ਾ ਸੇਵਾਵਾਂ ਰੋਕ ਦਿੱਤੀਆਂ ਹਨ।

ਬੰਗਲਾਦੇਸ਼ ਹਾਈ ਕਮਿਸ਼ਨ ਨੇ ਭਾਰਤ ਵਿਚ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਆਪਣੇ ਸਾਰੀਆਂ ਵੀਜ਼ਾ ਸੇਵਾਵਾਂ ਆਰਜ਼ੀ ਤੌਰ ’ਤੇ ਬੰਦ ਕਰ ਦਿੱਤੀਆਂ ਹਨ। ਇਸ ਤੋਂ ਪਹਿਲਾਂ ਅਗਰਤਲਾ ਵਿਚ ਬੰਗਲਾਦੇਸ਼ ਕਾਊਂਸਲੇਟ ਵੀ ਵੀਜ਼ਾ ਸਰਵਿਸ ’ਤੇ ਰੋਕ ਲਾ ਚੁੱਕਿਆ ਹੈ। ਜਾਣਕਾਰੀ ਅਨੁਸਾਰ ਪ੍ਰਦਰਸ਼ਨਕਾਰੀਆਂ ਵੱਲੋਂ ਦੋਵਾਂ ਮਿਸ਼ਨਾਂ ਦੇ ਬਾਹਰ ਪ੍ਰਦਰਸ਼ਨ ਕਰਨ ਤੋਂ ਬਾਅਦ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕਰਨ ਦਾ ਫੈਸਲਾ ਲਿਆ ਗਿਆ। ਨਵੀਂ ਦਿੱਲੀ ਵਿੱਚ ਬੰਗਲਾਦੇਸ਼ ਹਾਈ ਕਮਿਸ਼ਨ ਨੇ ਇੱਕ ਜਨਤਕ ਨੋਟਿਸ ਜਾਰੀ ਕੀਤਾ ਜਿਸ ਵਿੱਚ ਨਾ ਟਾਲਣ ਵਾਲੇ ਹਾਲਾਤ ਦੇ ਮੱਦੇਨਜ਼ਰ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕਰਨ ਦਾ ਜ਼ਿਕਰ ਕੀਤਾ ਗਿਆ ਹੈ।

ਤ੍ਰਿਪੁਰਾ ਵਿੱਚ ਬੰਗਲਾਦੇਸ਼ ਦੇ ਸਹਾਇਕ ਹਾਈ ਕਮਿਸ਼ਨ ਨੇ ਵੀ ਐਤਵਾਰ ਨੂੰ ਮਿਸ਼ਨ ਦੇ ਬਾਹਰ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕਰਨ ਬਾਰੇ ਅਜਿਹਾ ਹੀ ਐਲਾਨ ਕੀਤਾ ਸੀ। ਪਤਾ ਲੱਗਾ ਹੈ ਕਿ ਪੱਛਮੀ ਬੰਗਾਲ ਦੇ ਸਿਲੀਗੁੜੀ ਵਿੱਚ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਕਰਨ ਲਈ ਢਾਕਾ ਦੇ ਇੱਕ ਨਿੱਜੀ ਅਪਰੇਟਰ ਨੇ ਵੀ ਆਪਣੀਆਂ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਹਨ।

ਪਿਛਲੇ ਹਫ਼ਤੇ ਵਿਦਿਆਰਥੀ ਆਗੂ ਸ਼ਰੀਫ ਉਸਮਾਨ ਹਾਦੀ ਦੀ ਮੌਤ ਤੋਂ ਬਾਅਦ ਬੰਗਲਾਦੇਸ਼ ਵਿੱਚ ਪ੍ਰਦਰਸ਼ਨ ਸ਼ੁਰੂ ਹੋਏ ਸਨ। ਹਾਦੀ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿੱਚ ਮੋਹਰੀ ਸੀ ਜਿਸ ਕਾਰਨ ਸ਼ੇਖ ਹਸੀਨਾ ਸਰਕਾਰ ਟਿਕ ਨਾ ਸਕੀ। ਪਿਛਲੇ ਹਫ਼ਤੇ ਕੁਝ ਪ੍ਰਦਰਸ਼ਨਕਾਰੀਆਂ ਨੇ ਭਾਰਤ ਵਿਰੁੱਧ ਵੀ ਆਪਣਾ ਗੁੱਸਾ ਪ੍ਰਗਟਾਇਆ ਸੀ।

# ਤਿੰਨ ਪਵਿੱਤਰ ਸ਼ਹਿਰਾਂ ਵਿੱਚ ਮੀਟ, ਸ਼ਰਾਬ ਅਤੇ ਤੰਬਾਕੂ ’ਤੇ ਪਾਬੰਦੀ ਹੁਣ ਲਾਗੂ:ਮਾਨ

ਚੰਡੀਗੜ੍ਹ:-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਹੁਣ ਤਿੰਨ ਪਵਿੱਤਰ ਸ਼ਹਿਰਾਂ ਅੰਮ੍ਰਿਤਸਰ ਦਾ ਗਲਿਆਰਾ ਖੇਤਰ, ਤਲਵੰਡੀ ਸਾਬੋ ਅਤੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਮੀਟ, ਤੰਬਾਕੂ, ਸ਼ਰਾਬ, ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ ’ਤੇ ਪਾਬੰਦੀ ਲਾਗੂ ਹੋ ਗਈ ਹੈ। ਇਸ ਸਬੰਧੀ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਸਿੱਖਾਂ ਵਿੱਚ ਸਤਿਕਾਰਯੋਗ ਤਿੰਨ ਸਥਾਨਾਂ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਫੈਸਲਾ ਹੁਣ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਤੋਂ ਬਾਅਦ ਲਾਗੂ ਹੋ ਗਿਆ ਹੈ।

# ਰਾਮਾਸਵਾਮੀ ਵੱਲੋਂ ਊਸ਼ਾ ਵੈਂਸ ‘ਤੇ ਮਾਗਾ ਕਾਰਕੁਨ ਦੇ ਨਸਲੀ ਹਮਲਿਆਂ ਦੀ ਨਿੰਦਾ

ਵਾਸ਼ਿੰਗਟਨ- ਓਹਾਇਓ ਦੇ ਗਵਰਨਰ ਅਹੁਦੇ ਦੇ ਉਮੀਦਵਾਰ ਵਿਵੇਕ ਰਾਮਾਸਵਾਮੀ ਨੇ ਸੱਜੇ-ਪੱਖੀ ਰਾਸ਼ਟਰਵਾਦੀ ਟਿੱਪਣੀਕਾਰ ਨਿੱਕ ਫੁਏਂਟੇਸ ਦੀ ਸਖ਼ਤ ਨਿੰਦਾ ਕੀਤੀ ਹੈ। ਫੁਏਂਟੇਸ ਨੇ ਅਮਰੀਕਾ ਦੀ ਦੂਜੀ ਮਹਿਲਾ ਊਸ਼ਾ ਵੈਂਸ ਵਿਰੁੱਧ ਨਸਲੀ ਟਿੱਪਣੀਆਂ ਕੀਤੀਆਂ ਸਨ, ਜਿਸ ‘ਤੇ ਰਾਮਾਸਵਾਮੀ ਨੇ ਕਿਹਾ ਕਿ ਅਜਿਹੀ ਭਾਸ਼ਾ ਅਤੇ ਸੋਚ ਦਾ ਰੂੜੀਵਾਦੀ ਅੰਦੋਲਨ ਵਿਚ ਕੋਈ ਸਥਾਨ ਨਹੀਂ ਹੈ। ਇੱਕ ਚੋਣ ਭਾਸ਼ਣ ਵਿਚ, ਰਾਮਾਸਵਾਮੀ ਨੇ ਸਪੱਸ਼ਟ ਤੌਰ ‘ਤੇ ਕਿਹਾ ਕਿ ਜੇਕਰ ਕੋਈ ਅਮਰੀਕੀ ਦੂਜੀ ਮਹਿਲਾ ਊਸ਼ਾ ਵੈਂਸ ਵਿਰੁੱਧ ਨਸਲੀ ਟਿੱਪਣੀਆਂ ਦੀ ਵਰਤੋਂ ਕਰਦਾ ਹੈ, ਤਾਂ ਉਹ ਰੂੜੀਵਾਦੀ ਲਹਿਰ ਦੇ ਭਵਿੱਖ ਦਾ ਹਿੱਸਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਅਜਿਹੀ ਸੋਚ ਰੱਖਣ ਵਾਲੇ ਲੋਕਾਂ ਨੂੰ ਰਾਜਨੀਤੀ ਵਿਚ ਕਿਸੇ ਵੀ ਤਰ੍ਹਾਂ ਦਾ ਪ੍ਰਭਾਵਸ਼ਾਲੀ ਅਹੁਦਾ ਨਹੀਂ ਮਿਲਣਾ ਚਾਹੀਦਾ। ਰਾਮਾਸਵਾਮੀ ਨੇ ਇਹ ਵੀ ਕਿਹਾ ਕਿ ਜੋ ਲੋਕ ਅਡੌਲਫ ਹਿਟਲਰ ਜਾਂ ਜੋਸਫ਼ ਸਟਾਲਿਨ ਵਰਗੇ ਤਾਨਾਸ਼ਾਹਾਂ ਦੀ ਪ੍ਰਸ਼ੰਸਾ ਕਰਦੇ ਹਨ ਜਾਂ ਨਸਲੀ ਟਿੱਪਣੀਆਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਰੂੜੀਵਾਦੀ ਰਾਜਨੀਤੀ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ, ਜੇਕਰ ਕੋਈ ਨੇਤਾ ਸਪੱਸ਼ਟ ਤੌਰ ‘ਤੇ ਇਹ ਨਹੀਂ ਕਹਿ ਸਕਦਾ ਕਿ ਅਜਿਹੀਆਂ ਗੱਲਾਂ ਗਲਤ ਹਨ, ਤਾਂ ਉਹ ਲੀਡਰਸ਼ਿਪ ਦੇ ਯੋਗ ਨਹੀਂ ਹੈ। ਉਸਨੇ ਇਸਦੀ ਤੁਲਨਾ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਵੱਲੋਂ ਆਪਣੀ ਪਤਨੀ, ਊਸ਼ਾ ਵੈਂਸ ਵਿਰੁੱਧ ਕੀਤੀਆਂ ਨਸਲੀ ਟਿੱਪਣੀਆਂ ਪ੍ਰਤੀ ਜਨਤਕ ਪ੍ਰਤੀਕਿਰਿਆ ਦੀ ਘਾਟ ਨਾਲ ਕੀਤੀ।

# ਸੁਪਰੀਮ ਕੋਰਟ ਵੱਲੋਂ ਮਜੀਠੀਆ ਨੂੰ ਜ਼ਮਾਨਤ ਦੇਣ ਤੋਂ ਇਨਕਾਰ



ਨਾਭਾ:-ਸੁਪਰੀਮ ਕੋਰਟ ਨੇ ਨਾਭਾ ਜੇਲ੍ਹ ਵਿੱਚ ਬੰਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਪਟੀਸ਼ਨ ’ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਸੁਪਰੀਮ ਕੋਰਟ ਨੇ ਸੂਬਾ ਸਰਕਾਰ ਨੂੰ ਚਾਰ ਹਫ਼ਤਿਆਂ ਦੇ ਅੰਦਰ ਆਪਣਾ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਮਜੀਠੀਆ ਨੂੰ ਭ੍ਰਿਸ਼ਟਾਚਾਰ ਰੋਕਥਾਮ ਐਕਟ, 1988 ਤਹਿਤ 540 ਕਰੋੜ ਰੁਪਏ ਤੋਂ ਵੱਧ ਦੀ ਆਮਦਨ ਦੇ ਮਾਮਲੇ ਵਿੱਚ ਅੰਤਰਿਮ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਵਿਕਰਮ ਨਾਥ ਅਤੇ ਐਨ.ਵੀ. ਅੰਜਾਰੀਆ ਦੇ ਬੈਂਚ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 4 ਦਸੰਬਰ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਉਨ੍ਹਾਂ ਦੀ ਅਪੀਲ ’ਤੇ ਨੋਟਿਸ ਵੀ ਜਾਰੀ ਕੀਤਾ ਜਿਸ ਵਿੱਚ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਗਿਆ ਸੀ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS
MANDEEP RANDHAWA LAW CORPORATION

T 604 449 7500

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# ਸਲਾਹੂਦੀਨ ਦੇ ਪੁੱਤਰਾਂ ਦੀ ਪਟੀਸ਼ਨ ਖਾਰਜ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਮੰਗਲਵਾਰ ਨੂੰ ਹਿਜ਼ਬੁਲ ਮੁਜਾਹਦੀਨ ਦੇ ਮੁਖੀ ਸਈਦ ਸਲਾਹੂਦੀਨ ਦੇ ਦੋ ਪੁੱਤਰਾਂ ਅਤੇ ਹੋਰਨਾਂ ਵੱਲੋਂ ਦਾਇਰ ਉਨ੍ਹਾਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਟੈਰਰ ਫੰਡਿੰਗ (ਦਹਿਸ਼ਤਗਰਦੀ ਲਈ ਫੰਡ ਜੁਟਾਉਣ) ਦੇ ਇੱਕ ਮਾਮਲੇ ਵਿੱਚ ਉਨ੍ਹਾਂ ਵਿਰੁੱਧ ਦੋਸ਼ ਤੈਅ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਜਸਟਿਸ ਵਿਵੇਕ ਚੌਧਰੀ ਅਤੇ ਜਸਟਿਸ ਮਨੋਜ ਜੈਨ ਦੇ ਬੈਂਚ ਨੇ ਇਨ੍ਹਾਂ ਅਪੀਲਾਂ ਨੂੰ ਸੁਣਵਾਈ ਦੇ ਯੋਗ ਨਾ ਮੰਨਦੇ ਹੋਏ ਰੱਦ ਕਰ ਦਿੱਤਾ, ਹਾਲਾਂ ਕਿ ਮਾਮਲੇ ਦਾ ਵਿਸਤ੍ਰਿਤ ਫੈਸਲਾ ਅਜੇ ਆਉਣਾ ਬਾਕੀ ਹੈ। ਮੁਲਜ਼ਮਾਂ ਨੇ ਸਾਲ 2021 ਵਿੱਚ ਇੱਕ ਹੇਠਲੀ ਅਦਾਲਤ ਵੱਲੋਂ ਉਨ੍ਹਾਂ ਵਿਰੁੱਧ ਦੋਸ਼ ਤੈਅ ਕਰਨ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ। ਕੌਮੀ ਜਾਂਚ ਏਜੰਸੀ ਦੇ ਅਨੁਸਾਰ ਇਹ ਮਾਮਲਾ ਪਾਕਿਸਤਾਨ ਸਥਿਤ ਅੱਤਵਾਦੀਆਂ ਵੱਲੋਂ ਹਵਾਲਾ ਚੈਨਲਾਂ ਰਾਹੀਂ ਜੰਮੂ-ਕਸ਼ਮੀਰ ਵਿੱਚ ਅਤਿਵਾਦੀ ਗਤੀਵਿਧੀਆਂ ਨੂੰ ਵਧਾਵਾ ਦੇਣ ਲਈ ਫੰਡ ਭੇਜਣ ਦੀ ਸਾਜ਼ਿਸ਼ ਨਾਲ ਸਬੰਧਤ ਹੈ। ਸਲਾਹੂਦੀਨ ਦੇ ਪੁੱਤਰ ਸ਼ਾਹਿਦ ਯੂਸਫ ਨੂੰ ਅਕਤੂਬਰ 2017 ਵਿੱਚ ਅਤੇ ਦੂਜੇ ਪੁੱਤਰ ਸਈਦ ਅਹਿਮਦ ਸ਼ਕੀਲ ਨੂੰ ਅਗਸਤ 2018 ਵਿੱਚ ਸ੍ਰੀਨਗਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਐੱਨ ਆਈ ਏ ਦਾ ਦੋਸ਼ ਹੈ ਕਿ ਸ਼ਕੀਲ ਨੇ ਸਾਊਦੀ ਅਰਬ ਦੇ ਕੈਡਰਾਂ ਰਾਹੀਂ ਅਤੇ ਯੂਸਫ ਨੇ ਵਿਦੇਸ਼ਾਂ ਤੋਂ ਹਿਜ਼ਬੁਲ ਮੁਜਾਹਦੀਨ ਲਈ ਫੰਡ ਪ੍ਰਾਪਤ ਕੀਤੇ ਸਨ।

## ਕੈਨੇਡਾ ਭਰ 'ਚ ਫਲੂ ਦੇ ਮਾਮਲਿਆਂ 'ਚ ਕਾਫ਼ੀ ਵਾਧਾ ਹੋਇਆ

ਮਾਂਟਰੀਅਲ:- ਕੈਨੇਡਾ ਵਿੱਚ ਇਸ ਸੀਜ਼ਨ ਫ਼ਲੂ ਦੇ ਮਾਮਲਿਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ, ਜਿਸ ਕਾਰਨ ਡਾਕਟਰ ਲੋਕਾਂ ਨੂੰ ਟੀਕਾਕਰਨ ਕਰਵਾਉਣ ਦੀ ਅਪੀਲ ਕਰ ਰਹੇ ਹਨ। ਹੈਲਥ ਕੈਨੇਡਾ ਮੁਤਾਬਕ ਫ਼ਲੂ ਪੌਜ਼ੀਟਿਵਿਟੀ ਦਰ 27.7% ਤੱਕ ਪਹੁੰਚ ਗਈ ਹੈ, ਜਦਕਿ ਓਨਟਾਰੀਓ ਵਿੱਚ ਇਹ 33.8% ਰਹੀ। ਸਭ ਤੋਂ ਵੱਧ ਅਸਰ ਬੱਚਿਆਂ 'ਤੇ ਦੇਖਿਆ ਗਿਆ ਹੈ ਅਤੇ ਫ਼ਲੂ ਨਾਲ ਜੁੜੀਆਂ ਮੌਤਾਂ ਦੀ ਵੀ ਪੁਸ਼ਟੀ ਹੋਈ ਹੈ। ਮਾਹਰਾਂ ਅਨੁਸਾਰ 3'2 ਸਟ੍ਰੇਨ ਦੇ ਫੈਲਾਅ ਕਾਰਨ ਹਾਲਾਤ ਗੰਭੀਰ ਹਨ, ਇਸ ਲਈ ਸਮੇਂ 'ਤੇ ਟੀਕਾ ਲਗਵਾਉਣਾ ਬਹੁਤ ਜ਼ਰੂਰੀ ਹੈ।

# ਪੰਜਾਬੀ ਗਾਇਕਾ ਅਮਰ ਨੂਰੀ ਨੂੰ ਆਈ ਧਮਕੀ ਭਰੀ ਕਾਲ, ਕਿਸੇ ਗੀਤ ਨੂੰ ਲੈ ਕੇ ਦਿੱਤੀ ਗਈ ਧਮਕੀ



ਖੰਨਾ:-ਪੰਜਾਬੀ ਗਾਇਕ ਅਤੇ ਅਦਾਕਾਰਾ ਅਮਰ ਨੂਰੀ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆਈ ਹੈ। ਗਾਇਕ ਅਮਰ ਨੂਰੀ ਨੂੰ ਇੱਕ ਧਮਕੀ ਭਰਿਆ ਫੋਨ ਆਇਆ, ਅਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਧਮਕੀ ਦੇਣ ਵਾਲੇ ਨੇ ਖੁਦ ਨੂੰ ਪੁਲਿਸ ਮੁਲਾਜ਼ਮ ਦੱਸਿਆ ਹੈ, ਪਰ ਅਜੇ ਇਹ ਸਪਸ਼ਟ ਨਹੀਂ ਹੈ। ਗਾਇਕਾ ਦੀ ਸ਼ਿਕਾਇਤ 'ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਰਿਪੋਰਟਾਂ ਅਨੁਸਾਰ, ਇੱਕ ਅਣਪਛਾਤੇ ਵਿਅਕਤੀ ਨੇ ਅਮਰ ਨੂਰੀ ਨੂੰ ਫ਼ੋਨ ਕੀਤਾ ਅਤੇ ਉਸਨੂੰ ਧਮਕੀ ਦਿੱਤੀ। ਕਿਸੇ ਗੀਤ ਨੂੰ ਲੈ ਕੇ ਉਨ੍ਹਾਂ ਨੂੰ ਇਹ ਧਮਕੀ ਦਿੱਤੀ ਗਈ। ਉਨ੍ਹਾਂ ਨੇ ਤੁਰੰਤ ਪੁਲਿਸ ਨਾਲ ਸੰਪਰਕ ਕੀਤਾ ਅਤੇ ਇੱਕ ਲਿਖਤੀ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਇੱਕ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅਮਰੀਕਾ ਤੋਂ ਵਾਪਸ ਆਉਣ ਵਾਲੇ ਕੈਨੇਡੀਅਨਾਂ ਦੀ ਗਿਣਤੀ ਵਿੱਚ ਆਈ ਗਿਰਾਵਟ

ਟਰੰਟੋ: ਸਟੈਟਿਸਟਿਕਸ ਕੈਨੇਡਾ ਮੁਤਾਬਕ ਅਕਤੂਬਰ ਵਿੱਚ ਅਮਰੀਕਾ ਤੋਂ ਵਾਪਸ ਆਉਣ ਵਾਲੇ ਕੈਨੇਡੀਅਨਾਂ ਦੀ ਗਿਣਤੀ ਵਿੱਚ ਸਾਲਾਨਾ ਅਧਾਰ 'ਤੇ 26.3% ਦੀ ਗਿਰਾਵਟ ਦਰਜ ਹੋਈ। ਕਾਰ ਅਤੇ ਹਵਾਈ ਦੋਵਾਂ ਰਾਹੀਂ ਯਾਤਰਾਵਾਂ ਘਟੀਆਂ ਹਨ, ਜੋ ਲਗਾਤਾਰ ਨੌਵੀਂ ਮਹੀਨਾਵਾਰ ਕਮੀ ਨੂੰ ਦਰਸਾਉਂਦੀਆਂ ਹਨ। ਮਾਹਰਾਂ ਅਨੁਸਾਰ ਵਪਾਰਕ ਤਣਾਅ ਅਤੇ ਅਮਰੀਕੀ ਟੈਰਿਫ਼ਾਂ ਕਾਰਨ ਕੈਨੇਡੀਅਨ ਅਮਰੀਕਾ ਜਾਣ ਤੋਂ ਕਤਰਾਉਂਦੇ ਨਜ਼ਰ ਆ ਰਹੇ ਹਨ। ਇਸ ਦੇ ਉਲਟ ਕੈਨੇਡੀਅਨ ਅਮਰੀਕਾ ਤੋਂ ਇਲਾਵਾ ਹੋਰ ਵਿਦੇਸ਼ੀ ਮੰਜ਼ਿਲਾਂ ਵੱਲ ਵੱਧ ਰੁਝਾਨ ਦਿਖਾ ਰਹੇ ਹਨ।





**A-CLASS Appliance Rep.**

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)
Off: 604-543-6239
#103-12465-82Ave Surrey, BC

**A-CLASS Electric Ltd.**


*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom
FREE ESTIMATES
Cell: 604-351-2538
Tel:604-596-5474
CLASS "A" CERTIFIED & LICENCED ELECTRICIANS



MANJIT

**DAWN RENOVATION**

Commercial & Residential
ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ
ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।
Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ
604-716-3534 / 778-881-0236
daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

**ਲੱਖੀ ਰੈਨੋਵੇਸ਼ਨ**

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ
ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ
ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ
ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

**STORM ELECTRIC LTD.**

Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship




Mandeep Dhaliwal
(Certified Electrician)
778-994-7207
Email:stormelectricltd@gmail.com

**Up-To-Date Finishing**

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ
We are specialized in Custom Wood Working:
Residential & Commercial Renovations
- Doors
- Mouldings
- Fire Place
- Base Board
- Hardy Plank
- Wood Floor




Sanjeev Dhir
sanjeevkumarsk52@gmail.com
778.320.9413

# ਭਾਰਤੀ-ਅਮਰੀਕੀ ਕ੍ਰੀਏਟਰ ਨੇ ਇੰਟਰਨੈੱਟ 'ਤੇ ਭਾਰਤੀਆਂ ਪ੍ਰਤੀ 'ਆਮ' ਹੋ ਰਹੇ ਨਸਲਵਾਦ 'ਤੇ ਚੁੱਕੇ ਸਵਾਲ

ਵਾਸ਼ਿੰਗਟਨ- ਭਾਰਤੀ-ਅਮਰੀਕੀ ਕੰਟੈਂਟ ਕ੍ਰੀਏਟਰ ਸੀਰਤ ਸੈਨੀ ਨੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਭਾਰਤੀਆਂ ਵਿਰੁੱਧ ਨਸਲਵਾਦ ਨੂੰ ਆਮ ਗੱਲ ਵਜੋਂ ਸਵੀਕਾਰ ਕਰਨ ਦੀ ਕੜੀ ਆਲੋਚਨਾ ਕੀਤੀ ਹੈ। ਇਹ ਟਿੱਪਣੀਆਂ ਮੁੰਬਈ ਵਿੱਚ ਹੋਏ ਇੱਕ ਸਮਾਰੋਹ ਦੌਰਾਨ ਭਾਰਤੀ ਮਹਿਲਾਵਾਂ ਦੀਆਂ ਵੀਡੀਓਜ਼ ਵਾਇਰਲ ਹੋਣ ਤੋਂ ਬਾਅਦ ਆਈਆਂ ਪ੍ਰਤੀਕਿਰਿਆਵਾਂ ਦੇ ਸਬੰਧ ਵਿੱਚ ਕੀਤੀਆਂ ਗਈਆਂ। ਇੱਕ ਇੰਸਟਾਗ੍ਰਾਮ ਰੀਲ ਵਿੱਚ, ਸੈਨੀ ਨੇ ਆਨਲਾਈਨ ਟਿੱਪਣੀਆਂ ਦੀ ਨਿੰਦਾ ਕੀਤੀ ਜਿਨ੍ਹਾਂ ਵਿੱਚ ਭਾਰਤੀ ਮਹਿਲਾਵਾਂ ਦੀ ਖ਼ੂਬਸੂਰਤੀ 'ਤੇ "ਹੈਰਾਨੀ" ਜਤਾਈ ਗਈ ਸੀ। ਉਸਦਾ ਕਹਿਣਾ ਸੀ ਕਿ ਅਜਿਹੀਆਂ ਪ੍ਰਤੀਕਿਰਿਆਵਾਂ ਪੁਰਾਣੇ ਨਸਲੀ ਢਾਂਚਿਆਂ ਨੂੰ ਚੁਣੌਤੀ ਦੇਣ ਦੀ ਬਜਾਏ ਉਨ੍ਹਾਂ ਨੂੰ ਹੋਰ ਮਜ਼ਬੂਤ ਕਰਦੀਆਂ ਹਨ।

ਵੀਡੀਓ ਵਿੱਚ ਸੈਨੀ ਕਹਿੰਦੀ ਹੈ, "ਟਿਕਟੌਕ 'ਤੇ ਭਾਰਤੀਆਂ ਨਾਲ ਨਸਲਵਾਦ ਕਰਨਾ ਇੰਨਾ ਆਮ ਕਿਉਂ ਬਣ ਗਿਆ ਹੈ?" ਉਸਨੇ ਇਹ ਵੀ ਕਿਹਾ ਕਿ ਸਮਾਰੋਹ ਦੀਆਂ ਕਲਿੱਪਾਂ ਵਾਇਰਲ ਹੋਣ ਤੋਂ ਬਾਅਦ ਲਹਿਜ਼ੇ ਵਿੱਚ ਆਇਆ ਅਚਾਨਕ ਬਦਲਾਅ ਚਿੰਤਾਜਨਕ ਹੈ। ਰੀਲ ਵਿੱਚ ਮੁੰਬਈ ਦੇ ਕੰਸਰਟ ਵਿਚ ਭਾਰਤੀ ਮਹਿਲਾਵਾਂ ਦੇ ਉਹਨਾਂ ਵੀਡੀਓਜ਼ ਦਾ ਜ਼ਿਕਰ ਹੈ ਜੋ ਟਿਕਟੌਕ, ਇੰਸਟਾਗ੍ਰਾਮ ਅਤੇ ਐਕਸ 'ਤੇ ਤੇਜ਼ੀ ਨਾਲ ਫੈਲੀਆਂ। ਇਨ੍ਹਾਂ 'ਤੇ ਲੋਕਾਂ ਨੇ ਟਿੱਪਣੀਆਂ ਕੀਤੀਆਂ ਕਿ "ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਭਾਰਤੀ ਇੰਨੇ ਆਕਰਸ਼ਕ ਹੁੰਦੇ ਹਨ।"

# ਸ਼ਰਮਨਾਕ !ਕੈਨੇਡਾ ਵਿੱਚ ਕਾਰ ਚੋਰ ਗਿਰੋਹ ਦਾ ਪਰਦਾਫਾਸ਼, 8 ਭਾਰਤੀ ਗ੍ਰਿਫਤਾਰ


ਟਰੰਟੋ:-ਕੈਨੇਡਾ ਵਿੱਚ ਪੁਲਿਸ ਨੇ ਸੰਗਠਿਤ ਵਾਹਨ ਚੋਰੀ ਦੇ ਇੱਕ ਵੱਡੇ ਅੰਤਰਰਾਸ਼ਟਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ, ਇਸ ਤਹਿਤ 20 ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚ 8 ਵਿਅਕਤੀ ਭਾਰਤੀ ਮੂਲ ਦੇ ਦੱਸੇ ਜਾਂਦੇ ਹਨ।

'ਪ੍ਰੋਜੈਕਟ ਚਿਕਾਡੀ' ਨਾਮਕ ਇਸ ਵਿਆਪਕ ਕਾਰਵਾਈ ਦੌਰਾਨ ਚੋਰੀ ਹੋਈਆਂ 306 ਕਾਰਾਂ ਬਰਾਮਦ ਹੋਈਆਂ ਹਨ। ਇਨ੍ਹਾਂ ਵਾਹਨਾਂ ਦੀ ਅਨੁਮਾਨਤ ਕੀਮਤ ਲਗਭਗ 25 ਮਿਲੀਅਨ ਕੈਨੇਡੀਅਨ ਡਾਲਰ (ਲਗਭਗ 150 ਕਰੋੜ) ਹੋਣ ਦਾ ਅਨੁਮਾਨ ਹੈ। ਕੈਨੇਡਾ ਦੇ ਅਧਿਕਾਰੀਆਂ ਦੇ ਅਨੁਸਾਰ, ਇਹ ਗਿਰੋਹ ਉੱਚ-ਪੱਧਰੀ ਅਤੇ ਮਹਿੰਗੇ ਵਾਹਨ ਚੋਰੀ ਕਰਨ ਅਤੇ ਉਨ੍ਹਾਂ ਨੂੰ ਵੱਖ-ਵੱਖ ਦੇਸ਼ਾਂ ਵਿੱਚ ਤਸਕਰੀ ਕਰਨ ਦੀ ਯੋਜਨਾ ਬਣਾ ਰਿਹਾ ਸੀ। ਚੋਰੀ ਹੋਏ ਵਾਹਨ ਪਹਿਲਾਂ ਗੋਦਾਮਾਂ ਵਿੱਚ ਲੁਕਾਏ ਜਾਂਦੇ ਸਨ ਅਤੇ ਫਿਰ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਵਿਦੇਸ਼ਾਂ ਵਿੱਚ ਨਿਰਯਾਤ ਕੀਤੇ ਜਾਂਦੇ ਸਨ। ਲੋਕ ਪੁਲਿਸ ਦਾ ਕਹਿਣਾ ਹੈ ਕਿ ਚੋਰਾਂ ਦਾ ਇਹ ਨੈੱਟਵਰਕ ਲੰਬੇ ਸਮੇਂ ਤੋਂ ਸਰਗਰਮ ਹੈ ਅਤੇ ਇੱਕ ਸੰਗਠਿਤ ਅਪਰਾਧੀਆਂ ਵਜੋਂ ਕੰਮ ਕਰ ਰਿਹਾ ਹੈ।

ਜਾਂਚ ਏਜੰਸੀਆਂ ਹੁਣ ਜਾਂਚ ਕਰ ਰਹੀਆਂ ਹਨ ਕਿ ਇਸ ਗਿਰੋਹ ਦੇ ਕਿਹੜੇ ਦੇਸ਼ਾਂ ਨਾਲ ਸਬੰਧ ਹਨ ਅਤੇ ਹੋਰ ਕਿੰਨੇ ਲੋਕ ਸ਼ਾਮਲ ਹੋ ਸਕਦੇ ਹਨ। ਪੁਲਿਸ ਨੇ ਨਾਗਰਿਕਾਂ ਨੂੰ ਇਹ ਵੀ ਭਰੋਸਾ ਦਿੱਤਾ ਹੈ ਕਿ ਅਜਿਹੇ ਸੰਗਠਿਤ ਅਪਰਾਧਾਂ ਵਿਰੁੱਧ ਕਾਰਵਾਈ ਤੇਜ਼ ਕੀਤੀ ਜਾਵੇਗੀ।

# ਡਰੱਗ ਮਾਮਲਾ: 62 ਸਾਲਾ ਵਕੀਲ ਦੀਪਕ ਪਾਰਾਡਕਰ ਨੂੰ ਮਿਲੀ ਜ਼ਮਾਨਤ

ਓਨਟਾਰੀਓ- 62 ਸਾਲਾ ਵਕੀਲ ਦੀਪਕ ਪਾਰਾਡਕਰ ਨੂੰ ਮੰਗਲਵਾਰ ਟੋਰਾਂਟੋ ਦੀ ਅਦਾਲਤ ਨੇ ਉਸਦੀ ਅਮਰੀਕਾ ਹਵਾਲਗੀ ਸੁਣਵਾਈ ਤੋਂ ਪਹਿਲਾਂ ਕੜੀਆਂ ਸ਼ਰਤਾਂ ਨਾਲ ਜ਼ਮਾਨਤ ਦੇ ਦਿੱਤੀ ਹੈ। ਉਸ 'ਤੇ ਕਥਿਤ ਡਰੱਗ ਕਿੰਗਪਿਨ ਰਿਆਨ ਵੈਡਿੰਗ ਨਾਲ ਜੁੜੇ ਅੰਤਰਰਾਸ਼ਟਰੀ ਨਸ਼ਾ ਤਸਕਰੀ ਨੈੱਟਵਰਕ ਵਿੱਚ ਭੂਮਿਕਾ ਨਿਭਾਉਣ ਦੇ ਦੋਸ਼ ਹਨ। ਕਰਾਊਨ ਨੇ ਭੱਜਣ ਦਾ ਖ਼ਤਰਾ ਦੱਸਿਆ ਪਰ ਜਸਟਿਸ ਪੀਟਰ ਬਾਵਡੇਨ ਨੇ ਕਿਹਾ ਕਿ ਭੱਜਣਾ ਪਾਰਾਡਕਰ ਦੇ ਹਿੱਤ ਵਿੱਚ ਨਹੀਂ ਹੈ। ਅਦਾਲਤ ਨੇ 24/7 ਘਰ ਨਜ਼ਰਬੰਦੀ ਅਤੇ ਇਲੈਕਟ੍ਰਾਨਿਕ ਨਿਗਰਾਨੀ ਵਰਗੀਆਂ ਸਖ਼ਤ ਸ਼ਰਤਾਂ ਨਾਲ ਜ਼ਮਾਨਤ ਮਨਜ਼ੂਰ ਕੀਤੀ ਹੈ।



















# ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸ

ਕੌਮ ਦੇ ਇਤਿਹਾਸ ਵਿੱਚ ਉਹ ਪਲ ਸਭ ਤੋਂ ਵੱਧ ਦਰਦਨਾਕ ਤੇ ਘਾਤਕ ਹੁੰਦੇ ਨੇ, ਜਦੋਂ ਅਸੀਂ ਆਪਣੇ ਹੀ ਖ਼ਿਆਲਾਂ ਦੀ ਤੰਗ ਗਲੀ ਵਿੱਚ ਫਸ ਕੇ ਕਿਸੇ ਪ੍ਰਚਾਰਕ ਜਾਂ ਕਥਾ ਵਾਚਕ ਨੂੰ ਮਜਬੂਰ ਕਰਨ ਲੱਗ ਪੈਂਦੇ ਹਾਂ ਕਿ ਉਹ ਗੁਰਬਾਣੀ ਦੀ ਵਿਆਖਿਆ ਜਾਂ ਇਤਿਹਾਸ ਸਿਰਫ਼ ਸਾਡੀ ਸੋਚ ਮੁਤਾਬਕ ਹੀ ਬਿਆਨ ਕਰੇ। ਅੱਜ ਜਦੋਂ ਕੌਮ ਪਹਿਲਾਂ ਹੀ ਚੰਗੇ ਤੇ ਸੰਵੇਦਨਸ਼ੀਲ ਪ੍ਰਚਾਰਕਾਂ—ਖ਼ਾਸ ਕਰਕੇ ਪ੍ਰਚਾਰਕ ਬੀਬੀਆਂ—ਦੀ ਘਾਟ ਨਾਲ ਜੂਝ ਰਹੀ ਹੈ, ਤਾਂ ਅਜਿਹਾ ਰਵੱਈਆ ਸਾਡੀਆਂ ਜੜ੍ਹਾਂ ਨੂੰ ਹੀ ਕਮਜ਼ੋਰ ਕਰਦਾ ਹੈ। ਜੇ ਕਿਸੇ ਪ੍ਰਚਾਰਕ ਦੀ ਕਹੀ ਗੱਲ ਨਾਲ ਸਾਡੀ ਸਹਿਮਤੀ ਨਹੀਂ, ਜਾਂ ਸਾਡਾ ਵਿਚਾਰ ਕੁਝ ਹੋਰ ਹੈ, ਤਾਂ ਵੀ ਗੱਲਬਾਤ ਦਾ ਦਰਵਾਜ਼ਾ ਸਲੀਕੇ, ਸੰਜਮ ਅਤੇ ਮਰਿਆਦਾ ਨਾਲ ਖੁੱਲ੍ਹਾ ਰੱਖਿਆ ਜਾ ਸਕਦਾ ਹੈ। ਸਿੱਖ ਪੰਥ ਵਿੱਚ ਸੰਵਾਦ ਨੂੰ ਸਿਰਮੌਰ ਦਰਜਾ ਦਿੱਤਾ ਗਿਆ ਹੈ—ਇਥੇ ਤਲਵਾਰ ਨਹੀਂ, ਤਰਕ ਬੋਲਦਾ ਹੈ; ਝਗੜਾ ਨਹੀਂ, ਸਮਝ ਪੈਦਾ ਕੀਤੀ ਜਾਂਦੀ ਹੈ। ਸ਼ਹੀਦਾਂ ਨੂੰ ਜਾਤਾਂ ਦੀਆਂ ਲਕੀਰਾਂ ਵਿੱਚ ਵੰਡਣਾ, ਜਾਂ ਇਹ ਕਹਿਣਾ ਕਿ ਸਿਰਫ਼ ਮੇਰੀ ਜਾਤ ਨਾਲ ਸੰਬੰਧਿਤ ਸ਼ਹੀਦ ਹੀ ਮੇਰੇ ਨਾਇਕ ਹਨ—ਇਹ ਸੋਚ ਸਿੱਖ ਸਿਧਾਂਤਾਂ ਦੇ ਵਿਰੁੱਧ ਹੈ। ਸ਼ਹੀਦ ਕਿਸੇ ਇੱਕ ਵਰਗ ਜਾਂ ਜਾਤ ਦੇ ਨਹੀਂ, ਸਾਰੀ ਕੌਮ ਦੇ ਸਾਂਝੇ ਹਨ। ਉਹ ਸਾਡੀ ਵਿਰਾਸਤ, ਸਾਡਾ ਅਮੁੱਲਾ ਖ਼ਜ਼ਾਨਾ ਹਨ, ਅਤੇ ਉਨ੍ਹਾਂ ਨੂੰ ਬਰਾਬਰੀ ਨਾਲ ਸਤਿਕਾਰ ਦੇਣਾ ਸਾਡਾ ਫ਼ਰਜ਼ ਹੈ। ਵਿਚਾਰਾਂ ਦੇ ਅੰਤਰ ਕਾਰਨ ਬੀਬੀ ਦਲੇਰ ਕੌਰ ਨਾਲ ਹੋਈ ਬਤਮੀਜ਼ੀ—ਜਿਵੇਂ ਕਿ ਉਸ ਬੀਬੀ ਨੇ ਖੁਦ ਦਰਸਾਇਆ—ਕਿਸੇ ਵੀ ਤਰ੍ਹਾਂ ਠੀਕ ਨਹੀਂ।

ਅੱਜ ਦਾਸ ਕੋਈ ਵਿਵਾਦ ਖੜ੍ਹਾ ਕਰਨ ਨਹੀਂ ਆਇਆ। ਅੱਜ ਤਾਂ ਸਿਰਫ਼ ਗੁਰੂ ਦੀ ਸਿੱਖਿਆ ਦੇ ਪ੍ਰਕਾਸ਼ ਵਿੱਚ ਦਿਲ ਦੀ ਗੱਲ ਸਾਂਝੀ ਕਰਨ ਆਇਆ ਹੈ। ਕਿਉਂਕਿ ਅੱਜਕੱਲ੍ਹ ਸਾਡੇ ਸਮਾਜ ਵਿੱਚ ਕੁਝ ਐਸੀਆਂ ਗੱਲਾਂ ਫੈਲ ਰਹੀਆਂ ਨੇ, ਜੋ ਜੋੜਨ ਦੀ ਥਾਂ ਵੰਡ ਪਾ ਰਹੀਆਂ ਨੇ। ਭਗਤ ਰਵਿਦਾਸ ਜੀ ਮਹਾਰਾਜ ਬੇਹੱਦ ਉੱਚੇ ਦਰਜੇ ਦੇ ਸੰਤ ਸਨ—ਬ੍ਰਹਮ ਗਿਆਨੀ ਸਨ। ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਥਾਨ ਦਿੱਤਾ। ਇਸ ਤੋਂ ਵੱਡੀ ਇੱਜ਼ਤ ਹੋਰ ਕੀ ਹੋ ਸਕਦੀ ਹੈ? ਇਹ ਵੀ ਸੱਚ ਹੈ ਕਿ ਭਗਤ ਜੀ ਮੀਰਾ ਬਾਈ ਵਰਗਿਆਂ ਦੇ ਗੁਰੂ ਸਨ, ਪਰ ਇਸ ਸੱਚ ਨੂੰ ਵੀ ਗੁਰਮਤਿ ਦੀ ਮਰਿਆਦਾ ਵਿੱਚ ਸਮਝਣਾ ਜ਼ਰੂਰੀ ਹੈ। ਹਰ ਸੰਤ ਨੂੰ ਅਸੀਂ ਪੰਥ ਦਾ ਗੁਰੂ ਨਹੀਂ ਕਹਿੰਦੇ। ਸਾਡੇ ਗੁਰੂ ਦਸ ਹਨ, ਅਤੇ ਅੱਜ ਸਾਡਾ ਜੀਉਂਦਾ ਜਗਦਾ ਗੁਰੂ—ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਹਨ। ਇਹੀ ਗੁਰਮਤਿ ਦਾ ਸਾਫ਼, ਸਿੱਧਾ ਅਤੇ ਨਿਰਮਲ ਰਸਤਾ ਹੈ। ਅੱਜ ਕੁਝ ਲੋਕ ਭਗਤ ਰਵਿਦਾਸ ਜੀ ਨੂੰ ਜਾਤ ਨਾਲ ਜੋੜ ਕੇ ਉਨ੍ਹਾਂ ਨੂੰ ਸਿਰਫ਼ ਇੱਕ ਜਾਤ ਦਾ ਗੁਰੂ ਬਣਾਉਣਾ ਚਾਹੁੰਦੇ ਨੇ। ਭਗਤ ਜੀ ਨੇ ਜੇ ਆਪਣੇ ਆਪ ਨੂੰ "ਚੁਮਾਰ" ਲਿਖਿਆ ਹੈ, ਤਾਂ ਉਹ ਨਿਮਰਤਾ ਦੀ ਚਰਮ ਸੀਮਾ ਸੀ, ਨਾ ਕਿ ਜਾਤ ਦੀ ਵਡਿਆਈ। ਸੰਤ ਆਪਣੀ ਜਾਤ ਉੱਚੀ ਨਹੀਂ ਕਰਦਾ, ਉਹ ਆਪਣੇ ਮਨ ਨੂੰ ਨਿਵਾਂ ਕਰਦਾ ਹੈ।

ਜੇ ਭਗਤ ਰਵਿਦਾਸ ਜੀ ਸਿਰਫ਼ ਇੱਕ ਜਾਤ ਲਈ ਹੁੰਦੇ, ਤਾਂ ਗੁਰੂ ਸਾਹਿਬ ਉਨ੍ਹਾਂ ਦੀ ਬਾਣੀ ਸਾਰੀ ਮਨੁੱਖਤਾ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਕਿਉਂ ਸਥਾਪਿਤ ਕਰਦੇ? ਜੱਟਾਂ ਨੇ ਕਦੇ ਭਗਤ ਧੰਨਾ ਨੂੰ ਆਪਣਾ ਜਾਤੀ ਗੁਰੂ ਨਹੀਂ ਕਿਹਾ, ਨਾ ਹੀ ਤਰਖਾਣਾਂ ਨੇ ਭਾਈ ਲਾਲੋ ਨੂੰ ਜਾਤ ਦੀ ਹੱਦ ਵਿੱਚ ਬੰਨ੍ਹਿਆ। ਅਸੀਂ ਗੁਰੂ ਸਾਹਿਬਾਂ ਨੂੰ ਵੀ ਕਦੇ "ਖੱਤਰੀ ਗੁਰੂ" ਨਹੀਂ ਕਹਿੰਦੇ—ਕਿਉਂਕਿ ਸਿੱਖੀ ਜਾਤ ਤੋਂ ਉੱਪਰ, ਮਨੁੱਖਤਾ ਦੀ ਗੱਲ ਹੈ। ਅਤੇ ਇਸੇ ਤਰ੍ਹਾਂ ਕਈ ਅੱਜਕੱਲ੍ਹ ਭਾਈ ਜੀਵਨ ਸਿੰਘ ਜੀ ਵਰਗੇ ਮਹਾਨ ਸ਼ਹੀਦਾਂ ਬਾਰੇ ਵੀ ਬੇਲੋੜੀਆਂ ਬਹਿਸਾਂ ਕਰਦੇ ਹਨ—ਕਦੇ ਸ਼ਹੀਦੀ ਦੀ ਥਾਂ 'ਤੇ ਝਗੜਾ, ਕਦੇ ਕਲਗੀ ਕਿਸ ਨੂੰ ਮਿਲੀ। ਸਾਧ ਸੰਗਤ ਜੀ, ਸ਼ਹੀਦੀ ਦੀ ਵਡਿਆਈ ਥਾਂ ਨਾਲ ਨਹੀਂ, ਕੁਰਬਾਨੀ ਨਾਲ ਹੁੰਦੀ ਹੈ। ਕਲਗੀ ਕਿਸ ਨੂੰ ਮਿਲੀ—ਇਸ ਨਾਲ ਧਰਮ ਵੱਡਾ ਨਹੀਂ ਹੁੰਦਾ। ਸਾਡੇ ਦਸਮੇਸ਼ ਪਿਤਾ ਜੀ ਨੇ ਸਾਨੂੰ ਇਹੀ ਸਿਖਾਇਆ ਕਿ ਪਰਖ ਸਭ ਤੋਂ ਵੱਡੀ ਗੱਲ ਹੈ।ਜਦੋਂ ਗੁਰੂ ਕਲਗੀਧਰ ਸੱਚੇ ਪਾਤਸ਼ਾਹ ਨੇ ਪੰਜ ਪਿਆਰੇ ਸਾਜੇ,ਤਾਂ ਪੰਜੇ ਇਕਸਾਰ ਸਨ। ਕਿਸੇ ਇੱਕ ਨੂੰ ਵੱਡਾ ਨਹੀਂ ਕਿਸੇ ਨੂੰ ਛੋਟਾ ਨਹੀਂ ਕੀਤਾ ਗਿਆ, ਕਿਉਂਕਿ ਉੱਥੇ ਗੁਰੂ ਦਾ ਹੁਕਮ ਸੀ, ਮਨੁੱਖੀ ਅਹੰਕਾਰ ਨਹੀਂ। ਅੱਜ ਸਭ ਤੋਂ ਵੱਡੀ ਲੋੜ ਇਹ ਹੈ ਕਿ ਅਸੀਂ ਧਰਮ ਨੂੰ ਜਾਤਾਂ ਦੀ ਲੜਾਈ ਤੋਂ ਬਚਾਈਏ। ਗੁਰੂ, ਭਗਤ ਅਤੇ ਸ਼ਹੀਦ—ਸਾਰੇ ਸਾਂਝੇ ਹਨ। ਉਨ੍ਹਾਂ ਨੂੰ ਵੰਡ ਕੇ ਅਸੀਂ ਕਿਸੇ ਹੋਰ ਦਾ ਨਹੀਂ, ਆਪਣਾ ਹੀ ਨੁਕਸਾਨ ਕਰਦੇ ਹਾਂ। ਆਓ ਅੱਜ ਇਹ ਪੱਕਾ ਵਚਨ ਕਰੀਏ ਕਿ ਅਸੀਂ ਗੁਰੂ ਦੀ ਸਿੱਖਿਆ 'ਤੇ ਚੱਲਾਂਗੇ—ਸੱਚ ਬੋਲਾਂਗੇ, ਨਿਮਰਤਾ ਨਾਲ ਰਹਾਂਗੇ, ਅਤੇ ਇਕ ਦੂਜੇ ਨਾਲ ਪਿਆਰ ਤੇ ਆਦਰ ਨਾਲ ਪੇਸ਼ ਆਵਾਂਗੇ।ਇਹੀ ਸਿੱਖੀ ਹੈ।ਇਹੀ ਗੁਰਮਤਿ ਹੈ। ਭੁੱਲ ਚੁੱਕ ਦੀ ਖਿਮਾ ਕਰਨ



ਗੁਰੂ ਪੰਥ ਦਾ ਦਾਸ:-ਬਾਬਾ ਮੁਖਤਿਆਰ ਸਿੰਘ ਮੁਖੀ,ਟੋਡਰਵਾਲ
ਵਿਦਿਆਰਥੀ ਦਮਦਮੀ ਟਕਸਾਲ







# HI END EXCAVATING

## ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

**FULLY TREATED POLES FOR SALE DIRECT**

ਅਤੇ ਵਧੀਆ ਸਰਵੀਸ ਲਈ ਅੱਜ ਹੀ ਫੋਨ ਕਰੋ।
ਵਧੀਆ ਰੇਟ












- IRRIGATION - (SPRINKLER,DRIP)
- EXCAVATING SERVICES
- FARM DRAINAGE SYSTEM
- TRENCHING / DITCHING
- LAND CLEARING / LEVELING / STRIPING
- LANDSCAPING
- TREE CHOPPING
- SIDE WALKS
- RETAINING WALLS
- FENCING
- DEMOLITION & EXCAVATING
- & MUCH MORE.............

*WE SERVE ALL OVER THE LOWER MAINLAND*

*BEST SERVICE - DEST RATES*

**778- 552-5071 / 778-522-5071**

# HAPPY NEW YEAR

## ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

2026 HAPPY NEW YEAR



## The Mortgage Centre

We work for **you**, not the lenders.

*Happy Gurpurab*

**ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ**

- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing

**ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ**

**ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ**




Mortgage Specialist

**604.760.9172**

# 384-8148 128 St, Surrey, BC

# JUPJI


## FINISHING CARPENTRY


*For All Kind Of Finishing Work Remember One Name...*

•Interior & Exterior Doors • Bi-Fold• Pocket Doors • Baseboard • Casing • Crown Moulding • Posts • Fireplaces






















Free Estimate

KULDEEP SINGH 778.242.5253

Continental Immigration Solutions
"Helping Make Canada Home"

MB BRAR & Co.
Accounting & Business Professionals

# ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

ੴ




MB BRAR & Co.
Accounting & Business Professionals

**INCOMETAX**

**ਇਨਕਮ ਟੈਕਸ**

Nil Income Still Eligible For Refunds.

E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

**Mandeep Brar**

**778-908-3317**

mandeep@brarco.ca

Continental Immigration Solutions
"Helping Make Canada Home"

**Sukhvir Chand**
RCIC, BBA

**Contact us for all type of Immigration Services**

**778-549-6851**

sukh@cisonline.ca

www.cisonline.ca

Commissioner of Oaths for British Columbia

Member of CAPIC

iccrc crcic

Unit 101 - 32883 South Fraser Way, Abbotsford British Columbia V2S 2A6 | Tel: 604-852-3201 | Fax: 604-852-3284




## ਸਾਰਿਆਂ ਨੂੰ ਨਵਾਂ ਸਾਲ ਮੁਬਾਰਕ

Injured in an accident ?
**ICBC** claim ?
We can help.

TRIAL
LAWYERS

MANDEEP RANDHAWA LAW CORPORATION

**INJURY LAWYERS**

#200 – 6245 136th Street
Surrey, BC

T 604 449 7500 | F 604 449 7501
TF 1 888 449 7573 | www.randhawalaw.ca

ੴ

# HAPPY NEW YEAR




AFG
APICAL FINANCIAL GROUP
MORTGAGE
· RESIDENTIAL
· REFINANCE
· EQUITY MORTGAGE
COMMERCIAL
· CONSTRUCTION
· PRIVATE LENDING
· DEBT CONSOLIDATION
abw
A BETTER WAY MORTGAGE GROUP
MORTGAGE ARCHITECTS
NEETU BEDI
Mortgage Advisor
604.379.7212
nbedimortgages@gmail.com
WISHING YOU HAPPY NEW YEAR
ਸਾਰਿਆਂ ਨੂੰ ਨਵਾਂ ਸਾਲ ਮੁਬਾਰਕ
MORTAGE
A BETTER WAY MORTGAGE GROUP
ਮੌਰਗੇਜ
NEETU BEDI
MORTGAGE ADVISOR
604-379-7212
nbedimortgages@gmail.com


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1650
2 PCS SOFA & LOVE SEAT
$1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ


GE
+91 77175-02848
+91 98146-12006
+91 99882-68982
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ
*24 ਘੰਟੇ ਸਰਵਿਸ
WE OFFER
VARIETY OF CARS
OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES